# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 47 | Friday, March 13, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | *ਹੁਣ ਤੁਸੀਂ 'ਪੰਜਾਬੀ ਪੋਸਟ' **Online** ਰੋਜ਼ਾਨਾ ਪੜ੍ਹ ਸਕਦੇ ਹੋ*




Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਸਿੱਖ ਜੀਨੋਸਾਈਡ ਅਵੇਅਰਨੈਸ ਵੀਕ ਸਬੰਧੀ ਬਿੱਲ ਦੀ ਦੂਜੀ ਰੀਡਿੰਗ ਪਾਸ

## ਐੱਨ.ਡੀ.ਪੀ ਦੇ ਬਿੱਲ ਦੀ ਪੀ.ਸੀ. ਨੇ ਕੀਤੀ ਹਿਮਾਇਤ, ਬਿੱਲ ਸਰਬਸਮੰਤੀ ਨਾਲ ਪਾਸ, ਪੰਜਾਬੀ ਮੂਲ ਦੇ ਐੱਮ.ਪੀ.ਪੀਜ਼ ਵੱਲੋਂ ਹਿਮਾਇਤ, ਦੀਪਕ ਆਨੰਦ ਨੂੰ ਚੜ੍ਹਿਆ ਬੁਖਾਰ, ਰਿਹਾ ਗੈਰਹਾਜ਼ਿਰ




ਓਨਟਾਰੀਓ, 12 ਮਾਰਚ (ਪੋਸਟ ਬਿਊਰੋ) : ਬਰੈਂਪਟਨ ਈਸਟ ਦੀ ਨੁਮਾਇੰਦਗੀ ਕਰਨ ਵਾਲੇ ਐਨਡੀਪੀ ਆਗੂ ਗੁਰਰਤਨ ਸਿੰਘ ਵੱਲੋਂ ਪੇਸ਼ ਸਿੱਖ ਜੀਨੋਸਾਈਡ ਅਵੇਅਰਨੈਸ ਵੀਕ ਸਬੰਧੀ ਬਿੱਲ ਦੂਜੀ ਰੀਡਿੰਗ ਵਿੱਚ ਵੀ ਪਾਸ ਹੋ ਗਿਆ ਹੈ। ਇਸ ਲਈ ਹਰ ਸਾਲ ਨਵੰਬਰ ਦੇ ਪਹਿਲੇ ਹਫਤੇ ਨੂੰ ਸਿੱਖ ਨਸਲਕੁਸ਼ੀ ਜਾਗਰੂਕਤਾ ਹਫਤੇ ਵਜੋਂ ਮਨਾਇਆ ਜਾਇਆ ਕਰੇਗਾ। ਇਸ ਹਫਤੇ ਦੌਰਾਨ ਸਮੂਹ ਓਨਟਾਰੀਓ ਵਾਸੀਆਂ ਨੂੰ ਸਿੱਖ ਨਸਲਕੁਸ਼ੀ ਤੇ ਦੁਨੀਆ ਭਰ ਵਿੱਚ ਹੋਣ ਵਾਲੇ ਹੋਰ ਕਤਲੇਆਮ ਬਾਰੇ ਜਾਗਰੂਕ ਕੀਤਾ ਜਾਇਆ ਕਰੇਗਾ। ਸ਼ਾਹੀ ਮੋਹਰ ਲੱਗਣ ਤੋਂ ਬਾਅਦ ਇਹ ਐਕਟ ਹੋਂਦ ਵਿੱਚ ਆ ਜਾਵੇਗਾ। ਇਸ ਐਕਟ ਦਾ ਨਾਂ ਸਿੱਖ ਜੀਨੋਸਾਈਡ ਅਵੇਅਰਨੈਸ ਵੀਕ ਐਕਟ 2020 ਹੈ।

ਗੁਰਰਤਨ ਸਿੰਘ ਵੱਲੋਂ ਪੇਸ਼ ਇਸ ਬਿੱਲ ਦੇ ਸਬੰਧ ਵਿੱਚ ਬਰੈਂਪਟਨ ਸਾਊਥ ਤੋਂ ਮੈਂਬਰ ਪਾਰਲੀਆਮੈਂਟ ਪ੍ਰਭਮੀਤ ਸਰਕਾਰੀਆ ਨੇ ਆਪਣੀ ਹਮਾਇਤ ਪੇਸ਼ ਕਰਦਿਆਂ ਆਖਿਆ ਕਿ ਜੋ 1984 ਵਿੱਚ ਹੋਇਆ ਭਾਰਤ ਵਿੱਚ ਵੀ ਉਸ ਨੂੰ ਵੱਖ ਵੱਖ ਸੰਸਥਾਵਾਂ ਨੇ ਉਸ ਨੂੰ ਨਸਲਕੁਸ਼ੀ ਦਾ ਦਰਜਾ ਦਿੱਤਾ ਹੈ। ਉਨ੍ਹਾਂ ਰਾਜਨਾਥ ਤੇ ਹੋਰਨਾਂ ਆਗੂਆਂ ਦੀਆਂ ਉਦਾਹਰਨਾਂ ਦੇ ਕੇ ਆਖਿਆ ਕਿ 1984 ਵਿੱਚ ਕਾਂਗਰਸ ਸਰਕਾਰ ਵੱਲੋਂ ਸਿੱਖਾਂ ਦੇ ਨਾਲ ਇਹ ਸੱਭ ਗਿਣੀ ਮਿਣੀ ਸਾਜ਼ਿਸ਼ ਤਹਿਤ ਕੀਤਾ ਗਿਆ। ...ਬਾਕੀ ਪੰਨਾ 6 'ਤੇ

# ਪਤਨੀ ਵਿੱਚ ਫਲੂ ਵਰਗੇ ਲੱਛਣ ਪਾਏ ਜਾਣ ਤੋਂ ਬਾਅਦ ਟਰੂਡੋ ਨੇ ਖੁਦ ਨੂੰ ਕੀਤਾ ਆਈਸੋਲੇਟ

*ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਵੀ ਬਿਮਾਰ ਪੈਣ ਤੋਂ ਬਾਅਦ ਖੁਦ ਨੂੰ ਆਈਸੋਲੇਟ ਕਰਨ ਦਾ ਫੈਸਲਾ*



ਟੋਰਾਂਟੋ, 12 ਮਾਰਚ (ਪੋਸਟ ਬਿਊਰੋ) : ਯੂਕੇ ਵਿੱਚ ਇੱਕ ਸਮਾਰੋਹ ਵਿੱਚ ਹਿੱਸਾ ਲੈ ਕੇ ਪਰਤੀ ਸੋਫੀ ਗ੍ਰੈਗੋਇਰ ਟਰੂਡੋ ਵਿੱਚ ਫਲੂ ਵਰਗੇ ਲੱਛਣ ਪਾਏ ਜਾਣ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਖੁਦ ਨੂੰ ਅਲੱਗ ਥਲੱਗ ਕਰਨ ਦਾ ਫੈਸਲਾ ਕੀਤਾ ਹੈ।

ਪ੍ਰਧਾਨ ਮੰਤਰੀ ਆਫਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਅਨੁਸਾਰ ਫਲੂ ਵਰਗੇ ਲੱਛਣ ਮਿਲਣ ਅਤੇ ਬੁੱਧਵਾਰ ਨੂੰ ਹਲਕਾ ਬੁਖਾਰ ਹੋਣ ਤੋਂ ਬਾਅਦ ਉਨ੍ਹਾਂ ਤੁਰੰਤ ਮੈਡੀਕਲ ਸਹਾਇਤਾ ਲਈ। ਉਨ੍ਹਾਂ ਦੇ ਕੋਵਿਡ-19 ਵਾਇਰਸ ਦੇ ਸਬੰਧ ਵਿੱਚ ਟੈਸਟ ਵੀ ਲੈ ਲਏ ਗਏ ਹਨ। ਹੁਣ ਉਹ ਆਪ ਤੇ ਪ੍ਰਧਾਨ ਮੰਤਰੀ ਖੁਦ ਨੂੰ ਇਨ੍ਹਾਂ ਟੈਸਟਾਂ ਦੇ ਨਤੀਜੇ ਆਉਣ ਤੱਕ ਆਈਸੋਲੇਟ ਕਰ ਰਹੇ ਹਨ। ...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ


ਪ੍ਰੀਮੀਅਰਜ਼ ਤੇ ਟਰੂਡੋ ਨਾਲ ਮੁਲਾਕਾਤ ਕਰਨਗੇ ਮੂਲਵਾਸੀ ਆਗੂ — ਪੰਨਾ 03



ਦਿੱਲੀ ਦੰਗੇ: ਵਿਰੋਧੀ ਧਿਰ ਨੇ ਭਾਜਪਾ ਉੱਤੇ ਫਿਰਕੂ ਵਾਇਰਸ ਫੈਲਾਉਣ ਦਾ ਦੋਸ਼ ਲਾਇਆ — ਪੰਨਾ 04




## ਗੁਰਦੁਆਰਾ ਨਾਨਕਸਰ, ਜ਼ਿਲ੍ਹਾ ਝੰਗ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ *ਗੁਰਦੁਆਰਾ ਨਾਨਕਸਰ, ਜ਼ਿਲ੍ਹਾ ਝੰਗ* ਦੀ ਹੈ। ..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth RIBO
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
• Life Insurance • Critical illness Ins • Travel & Visitor Ins • RESP & TFSA & RRSP
• Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration, Real Estate, Family Law, Business Closing, Corporate, Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

•Super Visa Insurance •Visitor Visa Insurance •Travel Insurance •Student Insurance •New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

A1 RENOVATIONS
Commercial & Residential Renovations
**Professional ,Reliable & Experienced**
Services: • Painting • Drywalls • Plumbing • Electrical • Flooring
• Complete Basement Renovation • Kitchen & Washrooms • Concrete Services (Driveways & Sidewalks)
Note: Complete basement (passed by city) Certified GasTechnician
*5-10 % DISCOUNT
Call Bobby Mann today !! 647-407-9595 a1floor_2000@hotmail.com
*Some condition apply

DHINDSA LAW
Barrister, Solicitor & Notary Public
www.dhindsalaw.ca
- Criminal and Family Law
- Immigration
- Real Estate
- Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
LOCATIONS: 10510 Torbram Rd Unit-J1, Brampton L6R 3N9 (Torbram & Sandalwood) | 330 Highway 7 E, Suite 309, Richmond Hill- L4B 3P8
Call: 437 998 1429

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps •Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

MANN LAW FIRM
• Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

(905)793-2202
You can Place Your Business Here
To Reach Wider Audience

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਹੋਇਆ ਦੰਗਾ ਤਾਂ ਭੁਗਤਿਆ ਆਮ ਲੋਕਾਂ,
ਲੀਡਰ ਮੌਜਾਂ ਨਾਲ ਵਕਤ ਗੁਜ਼ਾਰਦੇ ਰਹੇ।
ਮਿਲਿਆ ਵਕਤ ਤਾਂ ਬੈਠਕਾਂ ਲਾਉਣ ਲੱਗੇ,
ਲੋਕੀਂ ਕਹਿਣ ਕਿ ਗੱਪਾਂ ਸਨ ਮਾਰਦੇ ਰਹੇ।
ਜਾਂ ਫਿਰ ਸੱਦ ਉਹ ਮੀਡੀਆ ਵਾਲਿਆਂ ਨੂੰ,
ਬੁੱਤਾ ਬਿਆਨਾਂ ਦੇ ਨਾਲ ਸਨ ਸਾਰਦੇ ਰਹੇ।
ਬਲਦੀ ਅੱਗ ਬੁਝਾਉਣ ਨਹੀਂ ਗਏ ਆਗੂ,
ਗਿਣਤੀ ਮੌਤਾਂ ਦੀ ਓਦਾਂ ਪਰਚਾਰਦੇ ਰਹੇ।
ਹੋਇਆ ਅਮਨ ਸ਼ਮਸਾਨ ਦੀ ਚੁੱਪ ਜੈਸਾ,
ਲੱਗੇ ਬਹਿਸ ਵਿੱਚ ਰੰਗ ਜਮਾਉਣ ਆਗੂ।
ਮੰਨਿਆ ਆਪਣਾ ਦੋਸ਼ ਨਹੀਂ ਕਦੀ ਕੋਈ,
ਪਿਛਲੀ ਖੇਡ ਨੂੰ ਲੱਗੇ ਦੁਹਰਾਉਣ ਆਗੂ।


**ਤੀਸ ਮਾਰ ਖਾਂ**

# ਦਿੱਲੀ ਦੰਗੇ: ਵਿਰੋਧੀ ਧਿਰ ਨੇ ਭਾਜਪਾ ਉੱਤੇ ਫ਼ਿਰਕੂ ਵਾਇਰਸ ਫੈਲਾਉਣ ਦਾ ਦੋਸ਼ ਲਾਇਆ

## * ਕਪਿਲ ਸਿੱਬਲ ਤੇ ਭਗਵੰਤ ਮਾਨ ਨੇ ਭਾਜਪਾ ਨੂੰ ਅੱਗੇ ਲਾਈ ਰੱਖਿਆ

ਨਵੀਂ ਦਿੱਲੀ, 12 ਮਾਰਚ, (ਪੋਸਟ ਬਿਊਰੋ)- ਦਿੱਲੀ ਵਿਚ ਪਿਛਲੇ ਮਹੀਨੇ ਵਾਪਰੀ ਹਿੰਸਾ ਦੀਆਂ ਘਟਨਾਵਾਂ ਦੇ ਕੇਸ ਵਿਚ ਭਾਜਪਾ ਉੱਤੇ ਫ਼ਿਰਕੂ ਵਾਇਰਸ ਫੈਲਾਉਣ ਦਾ ਦੋਸ਼ ਲਾਉਂਦੇ ਹੋਏ ਵਿਰੋਧੀ ਧਿਰ ਦੀਆਂ ਪਾਰਟੀਆਂ ਨੇ ਮੰਗ ਕੀਤੀ ਹੈ ਕਿ ਇਨ੍ਹਾਂ ਘਟਨਾਵਾਂ ਦੀ ਜੁਡੀਸ਼ਲ ਜਾਂਚ ਹੋਣੀ ਚਾਹੀਦੀ ਹੈ। ਨਾਲ ਹੀ ਇਹ ਵੀ ਸ਼ੱਕ ਪ੍ਰਗਟ ਕੀਤਾ ਗਿਆ ਕਿ ਸਰਕਾਰ ਵੱਲੋਂ ਐਸ ਆਈ ਟੀ ਦੀ ਜਾਂਚ ਵਿਚ ਕਿਤੇ ਖੁਦ ਪੀੜਤਾਂ ਨੂੰ ਹੀ ਦੋਸ਼ੀ ਨਾ ਬਣਾ ਦਿਤਾ ਜਾਵੇ।

ਅੱਜ ਲੋਕ ਸਭਾ ਵਿਚ ਦਿੱਲੀ ਦੰਗਿਆਂ ਬਾਰੇ ਹੋਈ ਚਰਚਾ ਵਿਚ ਹਿੱਸਾ ਲੈਂਦਿਆਂ ਕਾਂਗਰਸ ਆਗੂ ਕਪਿਲ ਸਿੱਬਲ ਨੇ ਦੋਸ਼ ਲਾਇਆ ਕਿ ਜਦੋਂ ਦਿੱਲੀ ਸੜ ਰਹੀ ਸੀ ਤਾਂ ਪ੍ਰਧਾਨ ਮੰਤਰੀ 70 ਘੰਟੇ ਚੁੱਪ ਰਹੇ ਤੇ ਪੁਲਿਸ ਸਬੂਤਾਂ ਨੂੰ ਨਸ਼ਟ ਕਰਨ ਤੇ ਦੰਗਾ ਕਰਨ ਵਾਲਿਆਂ ਦੇ ਬਚਾਅ ਵਿਚ ਲੱਗੀ ਰਹੀ। ਸਦਨ ਵਿਚ ਮੌਜੂਦਾ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸਵਾਲ ਕਰਦੇ ਹੋਏ ਕਪਿਲ ਸਿੱਬਲ ਨੇ ਕਿਹਾ ਕਿ ਨਫ਼ਰਤ ਫੈਲਾਉਣ ਦੇ ਭਾਸ਼ਨ ਦੇਣ ਵਾ-ਲਿਆਂ ਵਿਰੁੱਧ ਕੇਸ ਦਰਜ ਕਿਉਂ ਨਹੀਂ ਕੀਤਾ ਗਿਆ? ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਭਾਸ਼ਨਾਂ ਨਾਲ ਦਿੱਲੀ ਵਿਚ ਫ਼ਿਰਕੂ ਹਿੰਸਾ ਭੜਕਾਈ ਗਈ। ਭਾਰਤੀ ਸੰਵਿਧਾਨ ਦਾ ਜ਼ਿਕਰ ਕਰਦੇ ਹੋਏ ਸਿੱਬਲ ਨੇ ਸਰਕਾਰ ਨੂੰ ਕਿਹਾ, 'ਤੁਸੀਂ ਗਊਆਂ ਦੀ ਰਾਖੀ ਲਈ ਕੁਝ ਵੀ ਕਰ ਸਕਦੇ ਹੋ, ਇਨਸਾਨਾਂ ਲਈ ਨਹੀਂ। ਕੀ ਸਾਨੂੰ ਇਨਸਾਨਾਂ ਦੀ ਰਾਖੀ ਯਕੀਨੀ ਕਰਨ ਦੇ ਲਈ ਇਕ ਹੋਰ ਧਾਰਾ ਲਿਆਉਣ ਦੀ ਲੋੜ ਨਹੀਂ।' ਸਾਬਕਾ ਕਾਨੂੰਨ ਮੰਤਰੀ ਸਿੱਬਲ ਨੇ ਕਿਹਾ, 'ਫ਼ਿਰਕੂ ਹਿੰਸਾ ਦੇ ਵਾਇਰਸ ਦੀਆਂ ਜੜ੍ਹਾਂ ਅਸੀਂ ਜਾਣਦੇ ਹਾਂ ਕਿ ਇਸ ਦੀ ਸਾਜ਼ਿਸ਼ ਕਿਸ ਨੇ ਰਚੀ, ਗ੍ਰਹਿ ਮੰਤਰੀ ਨੇ ਪੁਲਿਸ ਮੁਲਾਜ਼ਮਾਂ ਵੱਲੋਂ ਸੀ ਸੀ ਟੀ ਵੀ ਤੋੜਨ ਦੇ ਫ਼ੁਟੇਜ ਵੇਖੇ ਹੋਣਗੇ।' ਉਨ੍ਹਾਂ ਕਿਹਾ ਕਿ ਦਿੱਲੀ ਪੁਲਿਸ ਕੋਲ 87 ਹਜ਼ਾਰ ਮੁਲਾਜ਼ਮ ਹੁੰਦਿਆਂ ਵੀ ਦੰਗਿਆਂ



ਉੱਤੇ ਕਾਬੂ ਨਹੀਂ ਪਾਇਆ ਜਾ ਸਕਿਆ। ਉਨ੍ਹਾਂ ਦੋਸ਼ ਲਾਇਆ ਕਿ ਗ੍ਰਹਿ ਮੰਤਰੀ ਅਮਰੀਕਾ ਤੋਂ ਆਏ ਰਾਸ਼ਟਰਪਤੀ ਟਰੰਪ ਦੀ ਸੁਰੱਖਿਆ ਵਿਚ ਲੱਗੇ ਹੋਏ ਸਨ ਤੇ ਦਿੱਲੀ ਵਿਚ ਦੰਗਿਆਂ ਨੂੰ ਰੋਕਣ ਲਈ ਕੁਝ ਨਹੀਂ ਕੀਤਾ। ਸਿੱਬਲ ਨੇ ਕਿਹਾ ਕਿ ਕੱਲ੍ਹ ਗ੍ਰਹਿ ਮੰਤਰੀ ਨੇ ਲੋਕ ਸਭਾ ਵਿਚ ਕਿਹਾ ਸੀ ਕਿ ਇਹ ਇਕ ਸਾਜ਼ਿਸ਼ ਸੀ, ਪਰ 25 ਫ਼ਰਵਰੀ ਨੂੰ ਏਸੇ ਸਰਕਾਰ ਨੇ ਇੱਕ ਬਿਆਨ ਵਿਚ ਦਿੱਲੀ ਦੰਗਿਆਂ ਨੂੰ 'ਅਪਣੇ ਆਪ ਹੋਏ' ਕਿਹਾ ਸੀ। ਸਿੱਬਲ ਨੇ ਦੰਗਿਆਂ ਦੀ ਜਾਂਚ ਐਸ ਆਈ ਟੀ ਤੋਂ ਕਰਾਉਣ ਦੇ ਸਰਕਾਰ ਦੇ ਐਲਾਨ ਉੱਤੇ ਸ਼ੱਕ ਕਰਦੇ ਹੋਏ ਕਿਹਾ ਕਿ ਇੰਜ ਨਾ ਹੋਵੇ ਕਿ ਜਾਂਚ ਰੀਪੋਰਟ ਵਿਚ ਪੀੜਤਾਂ ਨੂੰ ਹੀ ਦੋਸ਼ ਕਰਾਰ ਦੇ ਕੇ ਫਸਾਦੀਆਂ ਨੂੰ ਬਚਾ ਲਿਆ ਜਾਵੇ।

ਆਮ ਆਦਮੀ ਪਾਰਟੀ ਦੇ ਸੰਗਰੂਰ ਤੋਂ ਵਿਧਾਇਕ ਭਗਵੰਤ ਮਾਨ ਨੇ ਮੋਦੀ ਸਰਕਾਰ ਨੂੰ ਕਿਹਾ ਕਿ 1984 ਦੇ ਸਿੱਖ ਵਿਰੋਧੀ ਕਤਲੇਆਮ ਦੀ ਕਾਲਖ ਦਿੱਲੀ ਦੇ ਚਿਹਰੇ ਤੋਂ ਅਜੇ ਪੂਰੀ ਤਰ੍ਹਾਂ ਲੱਥੀ ਨਹੀਂ ਕਿ ਇਹੋ ਕੁਝ ਫਿਰ ਹੋ ਗਿਆ। ਇਨ੍ਹਾਂ ਦੰਗਿਆਂ ਨੇ ਦੇਸ਼ ਨੂੰ ਫਿਰ ਸ਼ਰਮਿੰਦਾ ਕੀਤਾ ਹੈ। 84 ਦੰਗਿਆਂ ਦੇ ਦਾਗ਼ ਤੋਂ ਕਾਂਗਰਸ ਖਹਿੜਾ ਨਹੀਂ ਛੁਡਾ ਸਕੀ ਅਤੇ ਇਹੋ ਹਾਲ ਭਾਜਪਾ ਦਾ ਹੋਣਾ ਜਾਪਦਾ ਹੈ। ਮਾਨ ਨੇ ਦਿੱਲੀ ਦੇ ਤਾਜ਼ਾ ਦੰਗਿਆਂ ਨੂੰ ਗਿਣੀ-ਮਿਥੀ ਸਾਜ਼ਿਸ਼ ਆਖਿਆ। ਉਨ੍ਹਾ ਨੇ ਕਿਹਾ ਕਿ ਹਿੰਸਾ



ਵਿੱਚ ਵਰਤੇ ਗਏ ਸਾਰੇ ਪੱਥਰਾਂ ਦਾ ਰੰਗ ਇਕੋ ਹੋਣਾ ਇਨ੍ਹਾਂ ਦੇ ਗਿਣੀ-ਮਿਥੀ ਸਾਜ਼ਿਸ਼ ਦਾ ਹਿੱਸਾ ਹੋਣ ਦਾ ਸੰਕੇਤ ਦਿੰਦਾ ਹੈ। ਉਨ੍ਹਾ ਕਿਹਾ ਕਿ ਸੱਤਾਧਾਰੀ ਭਾਜਪਾ ਤੇ ਕਾਂਗਰਸ ਦੇ ਆਗੂ ਇੱਕ ਦੂਜੇ ਦੇ ਰਾਜ ਵੇਲੇ ਹੋਏ ਦੰਗੇ ਗਿਣਾਉਂਦੇ ਹਨ। ਇਸ ਦੂਸ਼ਣਬਾਜ਼ੀ ਨਾਲ ਦੋਵੇਂ ਸਿਆਸੀ ਦਲ ਇੱਕ ਦੂਜੇ ਬਾਰੇ ਸੱਚ ਬੋਲਦੇ ਹਨ, ਪਰ ਲੋਕਾਂ ਨੂੰ ਗੁਮਰਾਹ ਨਹੀਂ ਕਰ ਸਕਦੇ। ਦੇਸ਼ ਦੇ ਲੋਕ ਦੰਗਿਆਂ ਦਾ ਸੰਤਾਪ ਹੰਢਾ ਚੁੱਕੇ ਤੇ ਫ਼ਿਰਕੂ ਹਿੰਸਾ ਦਾ ਤਾਂਡਵ ਦੇਖ ਕੇ ਦਰਦ ਨੂੰ ਮਹਿਸੂਸ ਕਰ ਚੁੱਕੇ ਹਨ।

ਭਗਵੰਤ ਮਾਨ ਨੇ ਕਿਹਾ ਕਿ ਫ਼ਿਰਕੂ ਦੰਗਿਆਂ ਦੀ ਹਕੀਕਤ ਇਹ ਹੈ ਕਿ ਦੰਗੇ ਚਾਹੇ ਕਾਂਗਰਸ ਕਰਵਾਵੇ ਜਾਂ ਭਾਜਪਾ ਵੱਲੋਂ ਸਪਾਂਸਰਡ ਹੋਣ, ਪਰ ਮਰਦਾ ਇਨਸਾਨ ਹੀ ਹੈ। ਉਨ੍ਹਾਂ ਕਿਹਾ ਕਿ ਜਦੋਂ ਭਾਜਪਾ ਨੇਤਾ ਦਿੱਲੀ ਵਿਚ ਭੜਕਾਊ ਬਿਆਨ ਦੇ ਰਹੇ ਸਨ, ਓਦੋਂ ਦਿੱਲੀ-ਪੁਲਿਸ ਕਿੱਥੇ ਸੁੱਤੀ ਸੀ। ਮਾਨ ਨੇ ਕਿਹਾ ਕਿ ਇਨ੍ਹਾਂ ਨੂੰ ਦੰਗੇ ਕਰਵਾਉਣ ਦਾ ਤਜ਼ਰਬਾ ਹੈ। ਉਨ੍ਹਾਂ ਦੀ ਇਸ ਗੱਲ ਨਾਲ ਪਾਰਲੀਮੈਂਟ ਵਿਚ ਮੌਜੂਦ ਭਾਜਪਾ ਪੱਖੀ ਮੈਂਬਰਾਂ ਨੇ ਰੌਲਾ ਪਾ ਦਿਤਾ, ਪਰ ਮਾਨ ਨਹੀਂ ਰੁਕੇ, ਉਨ੍ਹਾਂ ਨੇ ਰੌਲੇ ਨੂੰ ਅਣਗੌਲਿਆ ਕਰ ਕੇ ਕਿਹਾ ਕਿ ਵਿਰੋਧੀ ਤੇ ਸੱਤਾਧਾਰੀ ਇਕ-ਦੂਜੇ ਦੇ ਦੰਗੇ ਗਿਣਾਉਣ ਲੱਗੇ ਹੋਏ ਹਨ, ਇਨ੍ਹਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਦੰਗੇ ਸਿਰਫ਼ ਦੰਗੇ ਹਨ, ਜਿੱਥੇ ਮਰਦਾ ਆਮ ਇਨਸਾਨ ਹੀ ਹੈ। ਮਾਨ ਨੇ ਕਿਹਾ ਕਿ 1984 ਦੇ ਦੰਗਿਆਂ ਦੌਰਾਨ ਦਿੱਲੀ ਵਿਚ ਤਿੰਨ ਦਿਨ ਫ਼ੌਜ ਨਹੀਂ ਸੀ ਆਉਣ ਦਿਤੀ ਗਈ ਤੇ ਇਸ ਵਾਰੀ ਤਿੰਨ ਦਿਨ ਪੁਲਿਸ ਚੁੱਪ ਰਹੀ। ਉਨ੍ਹਾਂ ਕਿਹਾ ਕਿ ਦੰਗਿਆਂ ਵਿਚ ਹਿੰਦੂ ਤੇ ਮੁਸਲਮਾਨ ਦੋਵਾਂ ਧਿਰਾਂ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਦਿੱਲੀ ਚੋਣਾਂ ਦੌਰਾਨ ਕੁਝ ਲੋਕ 'ਗੋਲੀ ਮਾਰੋ ਸਾਲੋਂ ਕੋ' ਅਤੇ ਇਹ 'ਅਤਿਵਾਦੀ' ਵਰਗੇ ਲਫਜ਼ਾਂ ਦਾ ਵਰਤੋਂ ਕਰਦੇ ਰਹੇ ਸਨ।


# ਸੁਪਰੀਮ ਕੋਰਟ ਨੇ ਯੂ ਪੀ ਸਰਕਾਰ ਨੂੰ ਪੁੱਛਿਆ, ਪੋਸਟਰ ਕਿਹੜੇ ਕਾਨੂੰਨ ਹੇਠ ਲਾਏ ਸੀ

ਲਖਨਊ, 12 ਮਾਰਚ, (ਪੋਸਟ ਬਿਊਰੋ)- ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ ਵਿੱਚ ਉੱਤਰ ਪ੍ਰਦੇਸ਼ ਦੇ ਲਖਨਊ ਸ਼ਹਿਰ ਵਿੱਚ ਹੋਈ ਹਿੰਸਾ ਤੋਂ ਬਾਅਦ ਯੋਗੀ ਆਦਿੱਤਿਆਨਾਥ ਦੀ ਸਰਕਾਰ ਨੇ ਹਿੰਸਾ ਦੇ ਦੋਸ਼ੀਆਂ ਦੇ ਪੋਸਟਰ ਲਾਏ ਸਨ। ਇਸ ਦੇ ਵਿਰੁੱਧ ਅਲਾਹਾਬਾਦ ਹਾਈ ਕੋਰਟ ਨੇ ਜਦੋਂ ਇਹ ਹੁਕਮ ਦਿੱਤਾ ਕਿ ਇਹ ਪੋਸਟਰ ਲਾਹੇ ਜਾਣ ਤਾਂ ਯੂ ਪੀ ਸਰਕਾਰ ਨੇ ਇਸ ਹੁਕਮ ਦੇ ਵਿਰੁੱਧ ਸੁਪਰੀਮ ਕੋਰਟ ਵਿਚ ਅਰਜ਼ੀ ਦਾਇਰ ਕੀਤੀ ਸੀ। ਇਸ ਉੱਤੇ ਅੱਜ ਸੁਪਰੀਮ ਕੋਰਟ ਵਿਚ ਸੁਣਵਾਈ ਦੌਰਾਨ ਕੋਰਟ ਨੇ ਯੂ ਪੀ ਸਰਕਾਰ ਦੀ ਕਾਰਵਾਈ ਉੱਤੇ ਸਵਾਲ ਚੁੱਕੇ ਤੇ ਕਿਹਾ ਕਿ ਯੂ ਪੀ ਸਰਕਾਰ ਦੀ ਕਾਰਵਾਈ ਕਾਨੂੰਨ ਮੁਤਾਬਕ ਸਹੀ ਨਹੀਂ। ਕੋਰਟ ਨੇ ਇਹ ਵੀ ਕਿਹਾ ਕਿ ਜਨਤਾ ਤੇ ਸਰਕਾਰ ਵਿਚ ਫਰਕ ਹੁੰਦਾ ਹੈ।

ਵਰਨਣ ਯੋਗ ਹੈ ਕਿ ਉੱਤਰ ਪ੍ਰਦੇਸ਼ ਵਿਚ ਹਿੰਸਾ ਦੌਰਾਨ ਸਰਕਾਰੀ ਜਾਇਦਾਦ ਨੂੰ ਕਾਫੀ ਨੁਕਸਾਨ ਪਹੁੰਚਿਆ ਸੀ, ਜਿਸ ਦੇ ਨੁਕਸਾਨ ਦੀ ਭਰਪਾਈ ਕਰਨ ਲਈ ਯੂ ਪੀ ਸਰਕਾਰ ਨੇ ਦੋਸ਼ੀਆਂ ਦੀ ਪਛਾਣ ਕਰਨ ਲਈ ਉਨ੍ਹਾਂ ਦੀਆਂ ਤਸਵੀਰਾਂ ਦੇ ਪੋਸਟਰ ਸੜਕਾਂ ਉੱਤੇ ਲਵਾਏ ਸਨ। ਇਸ ਵਿਰੁੱਧ ਅਲਾਹਾਬਾਦ ਹਾਈ ਕੋਰਟ ਨੇ ਸਾਫ ਕਿਹਾ ਸੀ ਕਿ ਕਿਸੇ ਕਾਨੂੰਨ ਦੇ ਮੁਤਾਬਕ ਭਾਰਤ ਵਿੱਚ ਏਦਾਂ ਨਹੀਂ ਕੀਤਾ ਜਾ ਸਕਦਾ। ਹਾਈ ਕੋਰਟ ਨੇ ਯੂ ਪੀ ਸਰਕਾਰ ਨੂੰ 16 ਮਾਰਚ ਤੱਕ ਇਹ ਪੋਸਟਰ ਲਾਹੁਣ ਤੇ ਇਸ ਬਾਰੇ ਐਫੀਡੇਵਿਟ ਪੇਸ਼ ਕਰਨ ਦਾ ਹੁਕਮ ਦਿੱਤਾ ਸੀ। ਇਸ ਹੁਕਮ ਨੂੰ ਰੋਕਣ ਦੇ ਲਈ ਉੱਤਰ ਪ੍ਰਦੇਸ਼ ਦੀ ਸਰਕਾਰ ਸੁਪਰੀਮ ਕੋਰਟ ਵਿੱਚ ਪਹੁੰਚੀ ਸੀ, ਜਿੱਥੇ ਉਸ ਨੂੰ ਕੋਈ ਰਾਹਤ ਨਹੀਂ ਮਿਲ ਸਕੀ।

ਸੁਪਰੀਮ ਕੋਰਟ ਦੇ ਜਸਟਿਸ ਅਨਿਰੁਧ ਬੋਸ ਨੇ ਸੁਣਵਾਈ ਦੌਰਾਨ ਯੂ ਪੀ ਸਰਕਾਰ ਵੱਲੋਂ ਪੋਸਟਰ ਲਾਏ ਜਾਣ ਉੱਤੇ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਕਿਹਾ ਕਿ ਇਹ ਕਾਰਵਾਈ ਕਾਨੂੰਨਨ ਸਹੀ ਨਹੀਂ। ਉਨ੍ਹਾਂ ਕਿਹਾ ਕਿ ਜੇ ਕਿਸੇ ਖਾਸ ਸੰਗਠਨ ਦੇ ਲੋਕ ਸ਼ਾਮਲ ਹੋਣ ਤਾਂ ਵੱਖਰੀ ਗੱਲ ਹੈ, ਪਰ ਆਮ ਆਦਮੀ ਦੀ ਇੰਜ ਫੋਟੋ ਲਾਉਣ ਪਿਛੇ ਕਿਹੜਾ ਤਰਕ ਹੈ? ਇਸ ਮੌਕੇ ਕੋਰਟ ਨੇ ਸਰਕਾਰ ਨੂੰ ਪੁੱਛਿਆ ਕਿ ਆਖਰ ਕਿਸ ਕਾਨੂੰਨ ਹੇਠ ਇਹ ਪੋਸਟਰ ਲਾਏ ਸਨ?

ਅੱਜ ਸੁਪਰੀਮ ਕੋਰਟ ਵਿਚ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਪੈਰਵੀ ਕਰਦੇ ਹੋਏ ਕਿਹਾ ਕਿ ਸਰਕਾਰ ਨੇ ਦੋਸ਼ੀਆਂ ਨੂੰ ਮੁਆਵਜ਼ਾ ਭਰਨ ਲਈ 30 ਦਿਨ ਦਾ ਸਮਾਂ ਦਿੱਤਾ, ਉਸ ਤੋਂ ਬਾਅਦ ਵੀ ਉਨ੍ਹਾਂ ਨੇ ਇਹ ਮੁਆਵਜ਼ਾ ਨਹੀਂ ਭਰਿਆ। ਉਨ੍ਹਾਂ ਕਿਹਾ ਕਿ ਪੋਸਟਰ ਹਟਾਉਣਾ ਵੱਡੀ ਗੱਲ ਨਹੀਂ, ਇਹ ਵਿਸ਼ਾ ਵੱਡਾ ਹੈ। ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਸਾਰੇ ਦੇਸ਼ ਵਿਚ ਹੋਏ ਪ੍ਰਦਰਸ਼ਨਾਂ ਦਾ ਅਸਰ ਯੂ ਪੀ ਵਿਚ ਵੀ ਪਿਆ ਤੇ ਕਈ ਸ਼ਹਿਰਾਂ ਵਿਚ ਇਸ ਮੌਕੇ ਹਿੰਸਾ ਭੜਕੀ ਸੀ। ਦੰਗਾਕਾਰੀਆਂ ਨੇ ਕਾਫੀ ਸਰਕਾਰੀ ਤੇ



ਨਿੱਜੀ ਸੰਪਤੀ ਦਾ ਨੁਕਸਾਨ ਕੀਤਾ ਸੀ। ਇਸ ਪਿੱਛੋਂ ਯੋਗੀ ਸਰਕਾਰ ਨੇ ਦੰਗਾਕਾਰੀਆਂ ਤੋਂ ਨੁਕਸਾਨ ਵਸੂਲਣ ਦਾ ਫੈਸਲਾ ਲਿਆ ਤੇ ਪੁਲਿਸ ਨੇ ਦੋਸ਼ੀਆਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਦੇ ਨਾਂ ਵਸੂਲੀ ਪੱਤਰ ਜਾਰੀ ਕਰ ਦਿੱਤੇ ਸਨ। ਇਸੇ ਮਕਸਦ ਲਈ ਦੰਗਾਕਾਰੀਆਂ ਨੇ ਪੋਸਟਰ ਲਾਏ ਗਏ ਸਨ।

ਸਾਰੀ ਸੁਣਵਾਈ ਦੇ ਬਾਅਦ ਸੁਪਰੀਮ ਕੋਰਟ ਦੇ ਇਸ ਬੈਂਚ ਨੇ ਇਹ ਕੇਸ ਵੱਡੇ ਬੈਂਚ ਲਈ ਚੀਫ ਜਸਟਿਸ ਦੇ ਵੱਲ ਭੇਜ ਦਿੱਤਾ, ਪਰ ਯੂ ਪੀ ਸਰਕਾਰ ਦੀ ਮੰਗ ਦੇ ਬਾਵਜੂਦ ਅਲਾਹਾਬਾਦ ਹਾਈ ਕੋਰਟ ਦੇ ਹੁਕਮ ਉੱਤੇ ਰੋਕ ਨਹੀਂ ਲਾਈ ਅਤੇ 16 ਮਾਰਚ ਤੱਕ ਪੋਸਟਰ ਲਾਹੁਣ ਦਾ ਇਹ ਹੁਕਮ ਕਾਇਮ ਰੱਖਿਆ ਗਿਆ ਹੈ।

# ਵਿਦੇਸ਼ ਤੋਂ ਭਾਰਤ ਆ ਕੇ ਸਿਹਤ ਵਿਭਾਗ ਨੂੰ ਸੂਚਨਾ ਨਾ ਦਿੱਤੀ ਤਾਂ ਗ੍ਰਿਫ਼ਤਾਰੀ ਹੋ ਸਕਦੀ ਹੈ

## * ਕੋਰੋਨਾ ਦਾ ਖ਼ਤਰਾ ਦੇਖ ਕੇ ਦਿੱਲੀ ਦੇ ਸਿਨੇਮਾਘਰ 31 ਤਕ ਬੰਦ

ਨਵੀਂ ਦਿੱਲੀ, 12 ਮਾਰਚ, (ਪੋਸਟ ਬਿਊਰੋ)- ਓਡੀਸ਼ਾ ਰਾਜ ਸਰਕਾਰ ਨੂੰ ਕੋਰੋਨਾ ਵਾਇਰਸ ਦੀ ਏਨੀ ਚਿੰਤਾ ਹੋ ਗਈ ਹੈ ਕਿ ਉਹ ਇਸ ਵਾਇਰਸ ਨਾਲ ਨਜਿੱਠਣ ਲਈ ਤਰ੍ਹਾਂ-ਤਰ੍ਹਾਂ ਦੇ ਕਦਮ ਲਗਾਤਾਰ ਚੁੱਕਣ ਲੱਗ ਪਈ ਹੈ।

ਇਸੇ ਸੰਬੰਧ ਵਿੱਚ ਅੱਜ ਓਡੀਸ਼ਾ ਦੀ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਵਿਦੇਸ਼ ਤੋਂ ਵਾਪਸ ਆਏ ਜਿਸ ਵਿਅਕਤੀ ਨੇ ਆਪਣੇ ਦੌਰੇ ਬਾਰੇ ਸਿਹਤ ਵਿਭਾਗ ਨੂੰ ਸੂਚਨਾ ਨਾ ਦਿੱਤੀ, ਉਸ ਦੇ ਖ਼ਿਲਾਫ਼ ਕਾਰਵਾਈ ਹੋਵੇਗੀ ਤੇ ਲੋੜ ਪੈਣ ਉੱਤੇ ਉਸ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਕੇਰਲ ਸਰਕਾਰ ਇਹ ਕਾਨੂੰਨ ਪਹਿਲਾਂ ਲਾਗੂ ਕਰ ਚੁੱਕੀ ਹੈ। ਓਡੀਸ਼ਾ ਵਿੱਚ ਕੋਰੋਨਾ ਨੂੰ ਰੋਕਣ ਲਈ ਰਾਜ ਸਰਕਾਰ ਇਹ ਕਦਮ ਚੁੱਕਣ ਲੱਗੀ ਹੈ। ਪਿੱਛੇ ਜਿਹੇ ਇਟਲੀ ਤੋਂ ਕੱਟਕ ਆਈ ਉੱਚ ਸਿੱਖਿਅਤ ਲੜਕੀ ਨੇ ਸਿਹਤ ਵਿਭਾਗ ਨੂੰ ਚਕਮਾ ਦਿੱਤਾ ਸੀ ਤੇ ਕੁਝ ਦਿਨ ਪਹਿਲਾਂ ਆਇਰਲੈਂਡ ਦਾ ਇਕ ਵਿਅਕਤੀ ਐੱਸ ਸੀ ਬੀ ਮੈਡੀਕਲ ਕਾਲਜ ਤੋਂ ਫਰਾਰ ਹੋ ਗਿਆ ਸੀ। ਅੱਗੋਂ ਏਦਾਂ ਦੀ ਘਟਨਾ ਨਾ ਵਾਪਰੇ, ਇਸ ਲਈ ਰਾਜ ਸਰਕਾਰ ਏਦਾਂ ਦੇ ਕਾਨੂੰਨ ਨੂੰ ਲਾਗੂ ਕਰਨ ਲੱਗੀ ਹੈ। ਇੱਕ ਪ੍ਰੈੱਸ ਕਾਨਫਰੰਸ ਵਿੱਚ ਓਡੀਸ਼ਾ ਦੇ ਹੈੱਲਥ ਸੈਕਟਰੀ ਸਕੱਤਰ



ਨਿਕੁਜ ਬਿਹਾਰੀ ਧੱਲ ਨੇ ਕਿਹਾ ਕਿ 110 ਦੇਸ਼ਾਂ ਵਿੱਚ ਕੋਰੋਨਾ ਵਾਇਰਸ ਫੈਲ ਚੁੱਕਾ ਹੈ ਤੇ ਇਸ ਤੋਂ 1 ਲੱਖ 21 ਹਜ਼ਾਰ ਲੋਕ ਪੀੜਤ ਹਨ। ਭਾਰਤ ਦੇ 7 ਰਾਜਾਂ ਅਤੇ ਤਿੰਨ ਕੇਂਦਰ ਸ਼ਾਸਤ ਖੇਤਰਾਂ ਦੇ 60 ਲੋਕ ਕੋਰੋਨਾ ਵਾਇਰਸ ਤੋਂ ਪ੍ਰਭਾਵਤ ਨਿਕਲੇ ਹਨ। ਚੀਨ, ਹਾਂਗ ਕਾਂਗ, ਕੋਰੀਆ, ਇਟਲੀ, ਥਾਈਲੈਂਡ, ਸਿੰਗਾਪੁਰ, ਈਰਾਨ, ਮਲੇਸ਼ੀਆ, ਫਰਾਂਸ, ਜਰਮਨੀ, ਅਮਰੀਕਾ ਅਤੇ ਇੰਗਲੈਂਡ ਆਦਿ ਦੇਸ਼ਾਂ ਤੋਂ ਜੋ ਲੋਕ ਆ ਰਹੇ ਹਨ, ਉਨ੍ਹਾਂ ਨੂੰ ਘੱਟੋ-ਘੱਟ 14 ਦਿਨਾਂ ਤਕ ਕਵਾਰਨਟਾਈਨ ਵਿੱਚ ਰਹਿਣਾ ਪਵੇਗਾ। ਜੇ ਕਿਸੇ ਦੇ ਘਰ ਏਦਾਂ ਦੀ ਸਹੂਲਤ ਨਹੀਂ ਹੋਵੇਗੀ ਤਾਂ ਉਸ ਨੂੰ ਸਿਹਤ ਕੇਂਦਰ ਵਿੱਚ ਇਹ ਸਹੂਲਤ ਦਿੱਤੀ ਜਾਵੇਗੀ। ਓਡੀਸ਼ਾ ਵਿੱਚ ਅੱਜ ਤੱਕ 16 ਨਮੂਨਿਆਂ ਵਿੱਚੋਂ 14 ਨਮੂਨੇ ਨੈਗੇਟਿਵ ਨਿਕਲੇ ਹਨ।

ਇਸ ਦੌਰਾਨ ਦਿੱਲੀ ਸਰਕਾਰ ਨੇ ਕੋਰੋਨਾ ਵਾਇਰਸ ਦਾ ਖਤਰੇ ਦੇਖਦੇ ਹੋਏ ਇਸ ਨੂੰ ਮਹਾਮਾਰੀ ਐਲਾਨ ਕਰ ਦਿੱਤਾ ਤੇ ਇਸ ਦੇ ਮੱਦੇਨਜ਼ਰ ਦਿੱਲੀ ਦੇ ਸਾਰੇ ਸਿਨੇਮਾਘਰਾਂ ਨੂੰ 31 ਮਾਰਚ ਤਕ ਬੰਦ ਕਰਨ ਦਾ ਆਦੇਸ਼ ਦਿੱਤਾ ਹੈ। ਦਿੱਲੀ- ਐੱਨ ਸੀ ਆਰ (ਰਾਸ਼ਟਰੀ ਰਾਜਧਾਨੀ ਖੇਤਰ) ਵਿੱਚ ਕੋਰੋਨਾ ਦੇ ਮਰੀਜ਼ਾਂ ਦੀ ਗਿਣਤੀ ਵਧ ਰਹੀ ਹੈ। ਗੁਰੂਗ੍ਰਾਮ, ਗਾਜੀਆਬਾਦ ਤੇ ਦਿੱਲੀ ਵਿੱਚ ਲਗਾਤਾਰ ਮਰੀਜਾਂ ਦੀ ਵਧਦੀ ਗਿਣਤੀ ਨੂੰ ਦੇਖ ਕੇ ਦਿੱਲੀ ਸਰਕਾਰ ਨੇ ਇਸ ਨੂੰ ਮਹਾਮਾਰੀ ਐਲਾਨ ਕੀਤਾ ਤੇ ਇਸ ਤੋਂ ਬਚਾਅ ਲਈ ਸਾਰੇ ਸਿਨੇਮਾਘਰਾਂ ਨੂੰ 31 ਮਾਰਚ ਤਕ ਬੰਦ ਕਰਨ ਦੇ ਹੁਕਮ ਦਿੱਤੇ ਹਨ।

# ਕੋਰੋਨਾ ਸੰਕਟ ਦਾ ਅਸਰ: ਭਾਰਤ ਵਿੱਚ ਸਟਾਕ ਮਾਰਕੀਟ ਵਿੱਚ ਹਾਹਾਕਾਰ, ਸੈਂਸੈਕਸ 2500 ਅੰਕ ਡਿੱਗਾ

## * ਬਾਜ਼ਾਰ ਦੇ ਕਾਂਬੇ ਨਾਲ ਲੱਖਾਂ ਕਰੋੜ ਦਾ ਇੱਕੋ ਦਿਨ ਨੁਕਸਾਨ

ਨਵੀਂ ਦਿੱਲੀ, 12 ਮਾਰਚ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਵਧ ਰਹੇ ਕੇਸਾਂ ਦੀ ਚਿੰਤਾ ਕਾਰਨ ਭਾਰਤ ਦੀ ਸਟਾਕ ਮਾਰਕੀਟ ਵਿੱਚ ਗਿਰਾਵਟ ਅੱਜ ਹੱਦਾਂ ਟੱਪ ਗਈ। ਵੀਰਵਾਰ ਸਵੇਰੇ ਸੈਂਸੈਕਸ ਵਿੱਚ 2500 ਪੁਆਇੰਟਾਂ ਤੋਂ ਵੱਧ ਗਿਰਾਵਟ ਦੇਖੀ ਗਈ। ਇਸ ਦੇ ਨਾਲ ਹੀ ਨਿਫਟੀ 760 ਅੰਕਾਂ ਤੋਂ ਵੀ ਘੱਟ ਗਿਆ ਹੈ।

ਆਰਥਿਕ ਮਾਹਰਾਂ ਦੇ ਕਹਿਣ ਮੁਤਾਬਕ ਸ਼ੇਅਰ ਬਾਜ਼ਾਰਾਂ ਵਿਚ ਗਿਰਾਵਟ ਕੋਰੋਨਾ ਨਾਲ ਸੰਸਾਰ ਭਰ ਵਿਚ ਪ੍ਰਭਾਵਤ ਹੋਈਆਂ ਆਰਥਿਕ ਸਰਗਰਮੀਆਂ ਕਾਰਨ ਆਈ ਅਤੇ ਨਿਵੇਸ਼ਕਾਂ ਨੂੰ ਇੱਕੋ ਦਿਨ ਵਿੱਚ 9.82 ਲੱਖ ਕਰੋੜ ਰੁਪਏ ਘਾਟਾ ਪੈ ਗਿਆ ਹੈ ਅਤੇ ਅੱਗੋਂ ਸੁਧਾਰ ਦੀ ਆਸ ਨਹੀਂ ਹੈ। ਅਮਰੀਕੀ ਬਾਜ਼ਾਰ ਵੀ ਕੋਰੋਨਾ ਵਾਇਰਸ ਤੋਂ ਘਬਰਾ ਗਏ ਹਨ। ਓਥੇ ਡਾਓ ਦਾ ਕਾਰੋਬਾਰ 1460 ਪੁਆਇੰਟ ਹੇਠਾਂ ਆ ਗਿਆ ਸੀ। ਇਹ ਬੁੱਧਵਾਰ ਨੂੰ ਆਪਣੇ ਦੇ ਰਿਕਾਰਡ ਉੱਚੇ ਪੱਧਰ ਤੋਂ 20 ਪ੍ਰਤੀਸ਼ਤ ਹੇਠਾਂ ਚਲਾ ਗਿਆ। ਇਸ ਦੇ ਨਾਲ ਨੈਸਡੈਕ ਅਤੇ ਐਸ ਐਂਡ ਪੀ ਵਿੱਚ 5 ਪ੍ਰਤੀਸ਼ਤ ਗਿਰਾਵਟ ਆਈ ਹੈ। ਸੰਸਾਰ ਪੱਧਰ ਦੇ ਸੰਕੇਤਾਂ ਦੇ ਕਾਰਨ ਸੈਂਸੈਕਸ ਅਤੇ ਨਿਫਟੀ ਦੀ ਸ਼ੁਰੂਆਤ ਅੱਜ ਵੀਰਵਾਰ ਨੂੰ ਭਾਰੀ ਗਿਰਾਵਟ ਨਾਲ ਹੋਈ। ਮਿਡ ਤੇ ਸਮਾਲਕੈਪ ਸਟਾਕ ਵੀ ਖਰੀਦਦਾਰੀ ਵਿਚ ਦਿਖਾਈ ਦਿੰਦੇ ਰਹੇ। ਬੀ ਐਸ ਸੀ ਦਾ ਮਿਡਕੈਪ ਇੰਡੈਕਸ 2.27 ਫੀਸਦੀ ਅਤੇ ਸਮਾਲਕੈਪ ਇੰਡੈਕਸ 1.61 ਫੀਸਦੀ ਦੀ ਗਿਰਾਵਟ ਨਾਲ ਕਾਰੋਬਾਰ ਕਰਦਾ ਰਿਹਾ। ਤੇਲ-ਗੈਸ ਸਟਾਕ ਵਿਚ ਵੀ ਭਾਰੀ ਗਿਰਾਵਟ ਆਈ। ਬੀ ਐਸ ਈ ਦਾ ਤੇਲ ਅਤੇ ਗੈਸ ਇੰਡੈਕਸ 6 ਫੀਸਦੀ ਕਮਜ਼ੋਰੀ ਨਾਲ ਕਾਰੋਬਾਰ ਕਰਦਾ ਰਿਹਾ।

ਅੱਜ ਦੇ ਕਾਰੋਬਾਰ ਵਿਚ ਬੈਂਕ ਨਿਫਟੀ 5.5 ਫੀਸਦੀ ਕਮਜ਼ੋਰੀ ਨਾਲ ਲਗਭਗ 25000 ਉੱਤੇ ਆ ਗਿਆ। ਨਿਫਟੀ ਦਾ ਆਟੋ ਇੰਡੈਕਸ 4.6 ਫੀਸਦੀ, ਵਿੱਤੀ ਸੇਵਾਵਾਂ 4.15 ਫੀਸਦੀ, ਆਈ ਟੀ ਇੰਡੈਕਸ ਲਗਭਗ 5 ਫੀਸਦੀ, ਮੀਡੀਆ ਦਾ ਇੰਡੈਕਸ 6.7 ਫੀਸਦੀ, ਮੈਟਲ ਇੰਡੈਕਸ ਲਗਭਗ 7 ਫੀਸਦੀ, ਫਾਰਮਾ ਇੰਡੈਕਸ 3.5 ਫੀਸਦੀ ਤੇ ਰੀਅਲਟੀ ਵਿਚ ਤਕਰੀਬਨ 6 ਫੀਸਦੀ ਦੀ ਕਮਜ਼ੋਰੀ ਵੇਖੀ ਗਈ ਹੈ।










## ਸ਼ੋਕ ਸਮਾਚਾਰ

# ਖੇਲਾ ਪਰਿਵਾਰ ਨੂੰ ਸਦਮਾ, ਬਾਪੂ ਚੈਨ ਸਿੰਘ ਖੇਲਾ ਸਵਰਗਵਾਸ, ਅੰਤਿਮ ਸਸਕਾਰ ਭਲਕੇ



ਬਰੈਂਪਟਨ (ਜਸਬੀਰ ਸਿੰਘ ਬੋਪਾਰਾਏ):- ਦੁੱਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾਂ ਹੈ ਕਿ ਕਮਿਊਨਿਟੀ ਦੀ ਜਾਣੀ ਪਹਿਚਾਣੀ ਸਖਸ਼ੀਅਤ ਅਤੇ ਲਾਸਾਲ ਗੁਰੂਘਰ ਮਾਂਟਰੀਅਲ ਦੇ ਸਾਬਕਾ ਪ੍ਰਧਾਨ ਸ: ਸੰਤੋਖ ਸਿੰਘ ਖੇਲਾ ਦੇ ਪਿਤਾ ਸ: ਚੈਨ ਸਿੰਘ ਖੇਲਾ 7 ਮਾਰਚ 2020 ਨੂੰ 89 ਸਾਲ ਦੀ ਉਮਰ ਭੋਗ ਕੇ ਇਸ ਫਾਨੀ ਸੰਸਾਰ ਨੂੰ ਛੱਡ ਸਵਰਗ ਸੁਧਾਰ ਗਏ ਹਨ। ਚੈਨ ਸਿੰਘ ਖੇਲਾ ਦਾ ਅੰਤਿਮ ਸੰਸਕਾਰ 14 ਮਾਰਚ ਦਿਨ ਸਨਿ-ਚਰਵਾਰ ਨੂੰ ਦੁਪਿਹਰ 12 ਤੋਂ 2 ਵਜੇ ਤੱਕ ਲੌਟਸ ਫਿਊਨਲ ਹੋਮ ਵਿਖੇ ਹੋਵੇਗਾ। ਇਸ ਵਿੱਛੜੀ ਰੂਹ ਦੀ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜਪਾਠ ਸਾਹਿਬ ਦੇ ਭੋਗ ਅਤੇ ਅੰਤਿਮ ਅਰਦਾਸ ਸ੍ਰੀ ਗੁਰੂ ਸਿੰਘ ਸਭਾ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਬਾਅਦ ਦੁਪਿਹਰ ਦੋ ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗੀ। ਸ: ਚੈਨ ਸਿੰਘ ਖੇਲਾ ਪਿਛਲੇ 23 ਸਾਲਾਂ ਤੋਂ ਕੈਨੇਡਾ ਵਿੱਚ ਆਪਣੇ ਦੋ ਪੁੱਤਰਾਂ ਸੰਤੋਖ ਸਿੰਘ ਖੇਲਾ ਅਤੇ ਲਖਬੀਰ ਸਿੰਘ ਖੇਲਾ ਅਤੇ ਪੋਤਰੇ ਪੋਤਰੀਆਂ ਕੋਲ ਰਹਿ ਰਹੇ ਸਨ। ਉਹਨਾਂ ਦਾ ਇੱਕ ਪੁੱਤਰ ਕੁਲਬੀਰ ਸਿੰਘ ਖੇਲਾ ਇੰਗਲੈਂਡ ਵਿੱਚ ਰਹਿੰਦਾ ਹੈ ਅਤੇ ਧੀ ਜਗਦੀਸ਼ ਕੌਰ ਅਮਰੀਕਾ ਵਿੱਚ ਰਹਿੰਦੀ ਹੈ। 26 ਮਈ 1931 ਨੂੰ ਸ਼ਹੀਦ ਭਗਤ ਸਿੰਘ ਜਿਲੇ ਦੇ ਪਿੰਡ ਸਹੁੰਗਰਾ ਵਿੱਚ ਜਨਮੇ ਸ: ਚੈਨ ਸਿੰਘ ਖੇਲਾ ਨੇ 1964 ਤੱਕ ਫੌਜ ਦੀ ਨੌਕਰੀ ਕੀਤੀ ਅਤੇ ਧਰਮਯੁੱਧ ਮੋਰਚੇ ਦੌਰਾਨ ਜੇਲ ਵੀ ਕੱਟੀ। ਸ: ਚੈਨ ਸਿੰਘ ਖੇਲਾ ਪਿਛਲੇ ਲੰਮੇ ਸਮੇਂ ਤੋਂ ਮਾਲਟਨ ਗੁਰੂਘਰ ਨਾਲ ਜੁੜੇ ਹੋਏ ਸਨ ਅਤੇ ਰੋਜਾਨਾਂ ਕਈ ਕਈ ਘੰਟੇ ਲੰਗਰ ਹਾਲ ਵਿੱਚ ਭਾਂਡਿਆਂ ਦੀ ਸੇਵਾ ਕਰਦੇ ਸਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ ਸੰਤੋਖ ਸਿੰਘ ਖੇਲਾ ਨਾਲ 514-973-7048 ਅਤੇ ਲਖਬੀਰ ਸਿੰਘ ਖੇਲਾ 514-444-2348 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਯਾਦਗਾਰ ਅਕਾਲ ਬੁੰਗਾ ਦੀ ਜ਼ਮੀਨ ਬਾਰੇ ਪੁਲਸ ਤੇ ਨਿਹੰਗ ਸਿੰਘਾਂ ਦਾ ਟਕਰਾਅ

ਕਪੂਰਥਲਾ, 12 ਮਾਰਚ (ਪੋਸਟ ਬਿਊਰੋ)- ਬੀਤੀ 10 ਮਾਰਚ ਨੂੰ ਪੁਲਸ ਪ੍ਰਸ਼ਾਸਨ ਵੱਲੋਂ ਜਦੋਂ ਸ਼੍ਰੋਮਣੀ ਬੁੱਢਾ ਦਲ ਨਿਹੰਗ ਸਿੰਘ ਦੀ ਯਾਦਗਾਰ ਅਕਾਲ ਬੁੰਗਾ ਸਾਹਮਣੇ ਗੁਰਦੁਆਰਾ ਸਾਹਿਬ ਵਿਖੇ ਸਰਚ ਕੀਤੀ ਗਈ ਤਾਂ ਇਸ ਮੌਕੇ ਨਿਹੰਗ ਸਿੰਘਾਂ ਨਾਲ ਪੁਲਸ ਦੀ ਝੜਪ ਹੋ ਗਈ, ਜਿਸ ਵਿੱਚ ਦੋ ਪੁਲਸ ਮੁਲਾਜ਼ਮ ਤੇ ਚਾਰ ਨਿਹੰਗ ਸਿੰਘ ਜ਼ਖ਼ਮੀ ਹੋ ਗਏ। ਪੁਲਸ ਦੀ ਇਸ ਕਾਰਵਾਈ ਦੇ ਵਿਰੁੱਧ ਨਵਾਬ ਕਪੂਰ ਸਿੰਘ ਬੁੱਢਾ ਦਲ ਨੇ ਗਿਆਨੀ ਸ਼ਮਸ਼ੇਰ ਸਿੰਘ ਹੈਡ ਗ੍ਰੰਥੀ ਦੀ ਅਗਵਾਈ ਹੇਠ ਪ੍ਰੈਸ ਕਾਨਫਰੰਸ ਕੀਤੀ, ਜਿੱਥੇ ਉਨ੍ਹਾ ਨੇ ਪ੍ਰਸ਼ਾਸਨ 'ਤੇ ਦੋਸ਼ ਲਾਇਆ ਕਿ ਉਹ ਯਾਦਗਾਰ ਅਕਾਲ ਬੁੰਗਾ ਦੀ 44 ਕਨਾਲ ਜ਼ਮੀਨ 'ਤੇ ਕਬਜ਼ਾ ਕਰਾਉਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਯਾਦਗਾਰ ਅਕਾਲ ਬੁੰਗਾ 'ਤੇ ਜਥੇਦਾਰ ਲਾਲ ਸਿੰਘ ਪਿਛਲੇ 46 ਸਾਲ ਤੋਂ ਸੇਵਾ ਕਰ ਰਹੇ ਹਨ। ਇਸ ਦਾ ਪਟਾ ਬਾਬਾ ਲਾਲ ਸਿੰਘ ਦੇ ਨਾਂ ਹੈ ਅਤੇ ਸਥਾਨਕ ਅਦਾਲਤ ਤੇ ਹਾਈ ਕੋਰਟ ਨੇ ਵੀ ਬਾਬਾ ਲਾਲ ਸਿੰਘ ਦੇ ਹੱਕ ਵਿੱਚ ਫੈਸਲਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਦੂਸਰੀ ਜਥੇਬੰਦੀ ਵੱਲੋਂ ਇਸ ਜਗ੍ਹਾ ਦੇ ਜਾਅਲੀ ਕਾਗਜ਼ ਬਣਾਏ ਗਏ ਅਤੇ ਗਿਰਦਾਵਰੀਆਂ ਤੁੜਵਾਈਆਂ ਗਈਆਂ ਸਨ। ਇਸ ਬਾਰੇ ਹਾਈਕੋਰਟ ਵਿੱਚ ਕੇਸ ਚੱਲ ਰਿਹਾ ਹੈ। ਜਦੋਂ ਉਹ 10 ਮਾਰਚ ਨੂੰ ਹੋਲਾ-ਮੁੱਹਲਾ ਮਨਾਉਣ ਲਈ ਆਨੰਦਪੁਰ ਸਾਹਿਬ ਗਏ ਸਨ ਤਾਂ ਪੁਲਸ ਪ੍ਰਸ਼ਾਸਨ ਨੇ ਛਾਉਣੀ 'ਤੇ ਧਾਵਾ ਬੋਲ ਦਿੱਤਾ, ਜਿਸ ਨਾਲ ਉਨ੍ਹਾਂ ਦੇ ਕਈ ਸਾਥੀ ਸਿੰਘ ਜ਼ਖ਼ਮੀ ਹੋ ਗਏ।

ਦੂਸਰੇ ਪਾਸੇ ਵਕਫ ਬੋਰਡ ਦੇ ਈ ਓ ਮੁਹੰਮਦ ਬਿਸ਼ਾਰ ਦਾ ਕਹਿਣਾ ਹੈ ਕਿ ਲਾਲ ਸਿੰਘ ਨੇ ਏਥੇ ਵਕਫ ਬੋਰਡ ਦੀ ਪ੍ਰਾਪਰਟੀ 'ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਸੀ। ਇਸ ਪ੍ਰਾਪਰਟੀ ਦਾ ਪਟਾਨਾਮਾ ਪਹਿਲਾਂ ਬਾਬਾ ਸੰਤਾ ਸਿੰਘ ਦੇ ਨਾਂ ਸੀ। ਬਾਬਾ ਸੰਤਾ ਸਿੰਘ ਦੀ ਮੌਤ ਤੋਂ ਬਾਅਦ ਬਾਬਾ ਸੰਤਾ ਸਿੰਘ ਦਾ ਮਹਿਕਮੇ ਵੱਲ ਬੱਚਦਾ 5 ਲੱਖ 20 ਹਜ਼ਾਰ ਰੁਪਏ ਦਾ ਬਕਾਇਆ ਬਲਬੀਰ ਸਿੰਘ ਨੇ ਭਰ ਕੇ ਪਟਾਨਾਮਾ ਆਪਣੇ ਨਾਂ ਕਰਵਾ ਲਿਆ, ਜਿਸ ਵਿੱਚੋਂ 44 ਕਨਾਲ ਜ਼ਮੀਨ ਦੇ ਏਰੀਆ ਦਾ ਪਟਾਨਾਮਾ 2016 ਵਿੱਚ ਦੋ ਹਜ਼ਾਰ ਰੁਪਏ ਪ੍ਰਤੀ ਕਨਾਲ ਖੇਤੀ ਵਾਲਾ ਕੀਤਾ ਗਿਆ ਸੀ। ਇਸੇ ਤਰ੍ਹਾਂ 27 ਦੁਕਾਨਾਂ ਲਈ 16 ਹਜ਼ਾਰ ਰੁਪਏ ਪ੍ਰਤੀ ਮਹੀਨਾ ਕਿਰ-ਾਇਆ ਮਿਥਿਆ ਸੀ। ਇਨ੍ਹਾਂ ਦੇ ਕਿਰ-ਾਇਨਾਮੇ ਵਿੱਚ ਪੰਜ ਫ਼ੀਸਦ ਵਾਧੇ ਦੀ ਹਰ ਸਾਲ ਸ਼ਰਤ ਰੱਖੀ ਗਈ ਸੀ। ਪੁਲਸ ਨੇ ਜੋ ਕਾਰਵਾਈ ਕੀਤੀ ਹੈ, ਉਹ ਕਾਨੂੰਨ ਮੁਤਾਬਕ ਕੀਤੀ ਗਈ ਹੈ।

# ਪਾਣੀ ਦੇ ਝਗੜੇ ਵਿੱਚ ਹੋਲੀ ਦੇ ਦਿਨ ਭੈਣ ਦੇ ਅੱਖਾਂ ਅੱਗੇ ਭਰਾ ਦਾ ਕਤਲ



ਲੁਧਿਆਣਾ, 12 ਮਾਰਚ (ਪੋਸਟ ਬਿਊਰੋ)- ਪਾਣੀ ਲਈ ਹੋਏ ਝਗੜੇ ਵਿੱਚ ਕੁਝ ਲੋਕਾਂ ਨੇ ਹੋਲੀ ਦੇ ਦਿਨ ਇੱਕ 20 ਸਾਲਾ ਨੌਜਵਾਨ ਦਾ ਕਤਲ ਕਰ ਦਿੱਤਾ। ਉਨ੍ਹਾਂ ਲੋਕਾਂ ਨੇ ਪਹਿਲਾਂ ਨੌਜਵਾਨ ਨੂੰ ਬੁਰੀ ਤਰ੍ਹਾਂ ਡੰਡਿਆਂ, ਰਾਡਾਂ ਨਾਲ ਕੁੱਟਿਆ ਤੇ ਫਿਰ ਉਸ ਦੇ ਭਰਾ ਅਤੇ ਭੈਣ ਦੇ ਸਾਹਮਣੇ ਉਸ ਦੀ ਪਿੱਠ ਵਿੱਚ ਚਾਕੂ ਮਾਰ ਕੇ ਮਾਰ ਦਿੱਤਾ। ਮ੍ਰਿਤਕ ਦਾ ਨਾਂਅ ਦੀਪਕ ਕੁਮਾਰ ਸੀ, ਉਹ ਸੁਰਜੀਤ ਨਗਰ, ਡਾਬਾ ਦਾ ਰਹਿਣ ਵਾਲਾ ਸੀ। ਥਾਣਾ ਡਾਬਾ ਨੇ ਇਸ ਮਾਮਲੇ ਵਿੱਚ ਦੋਸ਼ੀਆਂ ਬੀਰੂ, ਰਾਮ ਮੋਹਨ ਅਤੇ ਜਤਿੰਦਰ ਕੁਮਾਰ ਦੇ ਖਿਲਾਫ ਮਾਮਲਾ ਦਰਜ ਕਰ ਲਿਆ।

ਮ੍ਰਿਤਕ ਦੀਪਕ ਕੁਮਾਰ ਮੂਲ ਰੂਪ ਤੋਂ ਬਿਹਾਰ ਦਾ ਰਹਿਣ ਵਾਲਾ ਸੀ ਅਤੇ ਇਥੇ ਆਪਣੇ ਭਰਾ ਸ਼ਕੀਲ ਦੇ ਨਾਲ ਨਟ ਬੋਲਟ ਬਣਾਉਣ ਵਾਲੀ ਫੈਕਟਰੀ ਵਿੱਚ ਕੰਮ ਕਰਦਾ ਸੀ। ਦੀਪਕ ਅਤੇ ਸਕੀਲ ਦੀ ਭੈਣ ਰੰਜੂ ਵੀ ਉਥੇ ਗੁਆਂਢ ਹੀ ਰਹਿੰਦੀ ਹੈ। ਦੋ ਦਿਨ ਪਹਿਲਾਂ ਰੰਜੂ ਦਾ ਪਾਣੀ ਲਈ ਆਪਣੇ ਗੁਆਂਢਣ ਵੀਰੂ ਨਾਲ ਝਗੜਾ ਹੋਇਆ ਸੀ। ਹੋਲੀ ਵਾਲੇ ਦਿਨ ਦੀਪਕ ਆਪਣੀ ਭੈਣ ਦੇ ਘਰ ਗਿਆ। ਇਸ ਦੌਰਾਨ ਵੀਰੂ ਵੀ ਉਥੇ ਸੀ। ਭਰਾ ਸਕੀਲ ਕੁਮਾਰ ਨੇ ਦੱਸਿਆ ਕਿ ਦੀਪਕ ਨੇ ਝਗੜੇ ਦੇ ਬਾਰੇ ਵੀਰੂ ਨਾਲ ਗੱਲ ਕੀਤੀ। ਇਸ ਉੱਤੇ ਵੀਰੂ ਅਤੇ ਦੀਪਕ ਦੀ ਬਹਿਸ ਹੋ ਗਈ ਅਤੇ ਗੱਲ ਹੱਥੋਪਾਈ ਤੱਕ ਜਾ ਪਹੁੰਚੀ। ਵੀਰੂ, ਜਤਿੰਦਰ ਅਤੇ ਰਾਮ ਮੋਹਨ ਨੇ ਉਸ ਦੇ ਭਰਾ ਨੂੰ ਡੰਡਿਆਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਉਸ ਦੀ ਭੈਣ ਤੁਰੰਤ ਉਸ ਨੂੰ ਬੁਲਾਉਣ ਲਈ ਆਈ। ਸਕੀਲ ਦਾ ਕਹਿਣਾ ਹੈ ਕਿ ਜਦ ਉਹ ਉਥੇ ਪਹੁੰਚੇ ਤਾਂ ਦੋਸ਼ੀ ਦੀਪਕ ਨੂੰ ਕੁੱਟ ਰਹੇ ਸਨ। ਵੀਰੂ ਨੇ ਉਨ੍ਹਾਂ ਦੇ ਦੇਖਦੇ-ਦੇਖਦੇ ਦੀਪਕ ਦੀ ਪਿੱਠ ਵਿੱਚ ਚਾਕੂ ਮਾਰ ਦਿੱਤਾ। ਸਕੀਲ ਦਾ ਕਹਿਣਾ ਹੈ ਕਿ ਉਹ ਗੰਭੀਰ ਹਾਲਤ ਵਿੱਚ ਦੀਪਕ ਨੂੰ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ।

# ਤਿੰਨ ਗੱਡੀਆਂ ਨਾਲ ਫੜ੍ਹੇ ਚੋਰਾਂ ਕੋਲੋਂ 12 ਮੋਟਰ ਸਾਈਕਲ ਹੋਰ ਵੀ ਮਿਲੇ

ਲੁਧਿਆਣਾ, 12 ਮਾਰਚ (ਪੋਸਟ ਬਿਊਰੋ)- ਬੀਤੇ ਐਤਵਾਰ ਨੂੰ ਦੋ ਮੋਟਰ ਸਾਈਕਲ ਅਤੇ ਇੱਕ ਸਕੂਟਰ ਸਮੇਤ ਗ੍ਰਿਫਤਾਰ ਕੀਤੇ ਗਏ ਚੋਰ ਗਿਰੋਹ ਕੋਲੋਂ ਰਿਮਾਂਡ ਦੌਰਾਨ ਹੋਈ ਪੁੱਛਗਿੱਛ ਦੇ ਬਾਅਦ 12 ਹੋਰ ਮੋਟਰ ਸਾਈਕਲ ਬਰਾਮਦ ਹੋਏ ਹਨ। ਇਸ ਦੇ ਇਲਾਵਾ ਇੱਕ ਨਸ਼ਾ ਤਸਕਰ ਦਾ ਨਾਂਅ ਸਾਹਮਣੇ ਆਇਆ ਹੈ। ਏ ਡੀ ਸੀ ਪੀ ਗੁਰਪ੍ਰੀਤ ਸਿੰਘ ਸਿਕੰਦ ਨੇ ਦੱਸਿਆ ਕਿ ਦੋਸ਼ੀਆਂ ਦੀ ਪਛਾਣ ਜਲੰਧਰ ਬਾਈਪਾਸ ਚਰਚ ਦੇ ਕੋਲ ਰਹਿਣ ਵਾਲੇ ਸੁਖਰਾਜ ਸਿੰਘ ਅਤੇ ਫਿਲੌਰ ਦੇ ਪਿੰਡ ਮੀਊਂਵਾਲ ਦੇ ਹਰਜੀਤ ਸਿੰਘ ਵਜੋਂ ਹੋਈ ਹੈ। ਐਤਵਾਰ ਸ਼ਾਮ ਨੂੰ ਐਸ ਆਈ ਜਸਵੀਰ ਕੌਰ ਨੇ ਉਨ੍ਹਾਂ ਨੂੰ ਸਿਵਲ ਹਸਪਤਾਲ ਦੇ ਪਿੱਛੇ ਚਿਲਡਰਨ ਪਾਰਕ ਅੱਗੇ ਬਿਨਾਂ ਨੰਬਰ ਪਲੇਟ ਦੀ ਐਕਟਿਵਾ 'ਤੇ ਜਾਂਦੇ ਹੋਏ ਗ੍ਰਿਫਤਾਰ ਕੀਤਾ ਸੀ। ਦੋਵਾਂ ਦੀ ਨਿਸ਼ਾਨਦੇਹੀ 'ਤੇ ਦੋ ਹੋਰ ਮੋਟਰ ਸਾਈਕਲ ਉਸੇ ਦਿਨ ਬਰਾਮਦ ਕੀਤੇ ਗਏ ਸਨ। ਸੋਮਵਾਰ ਨੂੰ ਰਿਮਾਂਡ 'ਤੇ ਲੈਣ ਦੇ ਬਾਅਦ ਦੋਸ਼ੀਆਂ ਨੇ 12 ਹੋਰ ਮੋਟਰ ਸਾਈਕਲ ਚੋਰੀ ਕਰਨ ਦੀ ਗੱਲ ਕਬੂਲ ਕੀਤੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

AIRMORE Heating & Air Conditioning Experts
Sales - Service - Installation
Residential / Commercial
ਅਸੀਂ ਕਿਸੇ ਵੀ ਕੰਪਨੀ ਦੇ ਬਣੇ ਫਰਨਾਂਸ, ਏਅਰ ਕੰਡੀਸ਼ਨਰ ਪਾਣੀ ਦਾ ਹੀਟਰ, ਹੂਮੀਡੀਫਾਇਰ, ਰੂਫਟਾਪ, ਯੂਨੀਟ ਹੀਟਰ ਅਤੇ ਹੋਰ ਬਹੁਤ ਕੁਝ ਨੂੰ ਠੀਕ ਕਰਦੇ ਹਾਂ
Call us 24x7: 647-526-6115

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132”
88”
8 Seated Sofa
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



# ਸੰਪਾਦਕੀ

## ਕੈਨੇਡਾ ਦੀਆਂ ਲੋੜਵੰਦ ਪਰਵਾਸੀਆਂ ਦੇ ਰਾਹ ਡੱਕਣ ਦੀਆਂ ਕੋਸ਼ਿਸ਼ਾਂ?

ਕੈਨੇਡਾ ਸਰਕਾਰ ਵੱਲੋਂ ਉਹਨਾਂ ਪਰਵਾਸੀਆਂ ਨੂੰ, ਜਿੱਥੇ ਹਨ ਉੱਥੇ ਹੀ ਰੋਕਣ ਲਈ ਲੱਖਾਂ ਡਾਲਰ ਖਰਚ ਕੀਤੇ ਜਾਂਦੇ ਹਨ, ਜਿਹਨਾਂ ਨੂੰ ਆਪਣੇ ਮੁਲਕ ਵਿੱਚ ਤਸ਼ੱਦਤ, ਖੌਫ ਅਤੇ ਅਤਿਵਾਦ ਕਾਰਣ ਖਤਰਾ ਹੋ ਸਕਦਾ ਹੈ। ਸੀ. ਬੀ. ਸੀ. ਵੱਲੋਂ ਸਰਕਾਰੀ ਸ੍ਰੋਤਾਂ ਤੋਂ ਹਾਸਲ ਕੀਤੀ ਗਈ ਜਾਣਕਾਰੀ ਮੁਤਾਬਕ ਕੈਨੇਡਾ ਸਰਕਾਰ ਮਾਇੰਅਮਾਰ (ਸਾਬਕਾ ਬਰਮਾ), ਬੰਗਲਾਦੇਸ਼, ਭੁਟਾਨ, ਭਾਰਤ, ਨੇਪਾਲ, ਸ੍ਰੀਲੰਕਾਂ ਅਤੇ ਥਾਈਲੈਂਡ ਵਿੱਚ ਪੁਲੀਸ ਬਲਾਂ ਨੂੰ ਸਹਾਇਤਾ ਦੇਂਦੀ ਹੈ ਤਾਂ ਜੋ ਬਾਰਡਰ ਪਾਰ ਕਰਕੇ ਜਾਨ ਬਚਾਉਣ ਦੀ ਕੋਸ਼ਿਸ਼ ਕਰ ਰਹੇ ਪਰਵਾਸੀਆਂ ਨੂੰ ਡੱਕਿਆ ਜਾ ਸਕੇ। ਮਿਸਾਲ ਵਜੋਂ ਇੱਕ ਪਾਸੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਤ ਕੈਨੇਡਾ ਦੇ ਅਨੇਕਾਂ ਐਮ ਪੀ ਮਾਇਆਂਮਾਰ (ਬਰਮਾ) ਵਿੱਚ ਰੋਹੰਜੀਆ ਮੁਸਲਮਾਨਾਂ ਦੇ ਕੀਤੇ ਜਾਂਦੇ ਘਾਣ ਦੀ ਨਿੰਦਾ ਕਰਦੇ ਰਹੇ ਹਨ ਪਰ ਦੂਜੇ ਪਾਸੇ ਸਰਕਾਰ ਉਹਨਾਂ ਲੋਕਾਂ ਦੇ ਦੇਸ਼ ਛੱਡ ਨਿਕਲਣ ਦੇ ਯਤਨਾਂ ਨੂੰ ਰੋਕਣ ਲਈ ਕੰਮ ਕਰਦੀ ਹੈ।

ਦੂਰ ਕੀ ਜਾਣਾ ਹੈ, ਅਮਰੀਕਾ ਤੋਂ ਕੈਨੇਡਾ ਦਾਖ਼ਲ ਹੋਣ ਵਾਲੇ ਇੰਮੀਗਰਾਂਟਾਂ ਬਾਰੇ ਸਾਡੇ ਸਿਆਸਤਦਾਨਾਂ ਦਾ ਰਵਈਆ ਬਹੁਤ ਹੀ ਅਨਿਸਚਿਤ ਰਿਹਾ ਹੈ। ਪ੍ਰਧਾਨ ਮੰਤਰੀ ਟਰੂਡੋ ਹੋਰਾਂ ਦਾ 28 ਜਨਵਰੀ 2017 ਦਾ ਉਹ ਮਸ਼ਹੂਰ ਟਵੀਟ ਹਾਲੇ ਵੀ ਕੈਨੇਡੀਅਨਾਂ ਦੇ ਮਨਾਂ ਵਿੱਚ ਉੱਕਰਿਆ ਹੈ ਜੋ ਉਹਨਾਂ ਨੇ ਅਮਰੀਕਾ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਕੈਨੇਡਾ ਆ ਰਹੇ ਅਨਿਯਮਤ ਜਾਂ ਗੈਰਕਾਨੂੰਨੀ ਇੰਮੀਗਰਾਂਟਾਂ ਦੇ ਹੱਕ ਵਿੱਚ ਕੀਤਾ ਸੀ। ਟਵੀਟ ਦੇ ਸ਼ਬਦ ਸਨ, 'ਜੋ ਤਸ਼ਦਦ, ਅਤਿਵਾਦ ਅਤੇ ਜੰਗ ਤੋਂ ਜਾਨ ਬਚਾ ਕੇ ਭੱਜ ਰਹੇ ਹਨ, ਕੈਨੇਡੀਅਨ ਹਮੇਸ਼ਾ ਤੁਹਾਡਾ ਸੁਆਗਤ ਕਰਨਗੇ, ਬੇਸ਼ੱਕ ਤੁਹਾਡਾ ਧਾਰਮਿਕ ਵਿਸ਼ਵਾਸ਼ ਕੁੱਝ ਵੀ ਹੋਵੇ। ਵਿਭਿੰਨਤਾ ਸਾਡੀ ਤਾਕਤ ਹੈ'। ਇਸ ਟਵੀਟ ਤੋਂ ਬਾਅਦ ਪ੍ਰਧਾਨ ਮੰਤਰੀ ਉੱਤੇ ਉਂਗਲਾਂ ਉੱਠਦੀਆਂ ਰਹੀਆਂ ਕਿ ਉਸਨੇ ਅਜਿਹੇ ਇੰਮੀਗਰਾਂਟਾਂ ਨੂੰ ਕੈਨੇਡਾ ਦਾ ਬਾਰਡਰ ਪਾਰ ਕਰਕੇ ਆਉਣ ਲਈ ਉਤਸ਼ਾਹਿਤ ਕੀਤਾ ਜਿਹਨਾਂ ਨੂੰ ਸ਼ਰਣ ਦੀ ਸ਼ਾਇਦ ਲੋੜ ਹੀ ਨਹੀਂ ਸੀ। ਇਸਤੋਂ ਬਾਅਦ ਸਥਿਤੀ ਇੱਥੇ ਤੱਕ ਪੁੱਜੀ ਕਿ ਪਿਛਲੇ ਸਾਲ ਸਰਕਾਰ ਨੇ ਬੱਜਟ ਵਿੱਚ 1 ਬਿਲੀਅਨ ਡਾਲਰ ਨਿਰਧਾਰਤ ਕੀਤੇ ਤਾਂ ਜੋ ਅਮਰੀਕਨ ਬਾਰਡਰ ਤੋਂ ਆਉਣ ਵਾਲੇ ਅਨਿਯਮਤ ਜਾਂ ਗੈਰਕਾਨੂੰਨੀ ਇੰਮੀਗਰਾਂਟਾਂ ਨੂੰ ਰੋਕਿਆ ਜਾ ਸਕੇ।

ਮਜ਼ੇਦਾਰ ਗੱਲ ਇਹ ਹੈ ਕਿ ਸਾਊਥ ਈਸਟ ਏਸ਼ੀਆ ਵਿੱਚ ਇੰਮੀਗਰਾਂਟਾਂ ਨੂੰ ਡੱਕਣ ਦੇ ਉੱਦਮ ਸਟੀਫਨ ਹਾਰਪਰ ਸਰਕਾਰ ਵੱਲੋਂ 2010 ਵਿੱਚ ਸ੍ਰੀਲੰਕਾਂ ਤੋਂ ਸਮੁੰਦਰੀ ਜਹਾਜ਼ ਰਾਹੀਂ ਆਏ 492 ਤਾਮਿਲ ਗੈਰਕਾਨੂੰਨੀ ਪਰਵਾਸੀਆਂ ਦੀ ਆਮਦ ਤੋਂ ਬਾਅਾ ਆਰੰਭ ਕੀਤੇ ਗਏ ਸਨ। ਇਹਨਾਂ ਗੈਰਕਾਨੂੰਨੀ ਪਰਵਾਸੀਆਂ ਦੀ ਕੈਨੇਡਾ ਸਥਾਪਤੀ ਉੱਤੇ ਸਰਕਾਰ ਨੇ 25 ਮਿਲੀਅਨ ਡਾਲਰ ਖਰਚ ਆਏ ਸਨ। ਬੇਸ਼ੱਕ ਉਸਤੋਂ ਬਾਅਦ ਕੋਈ ਸਮੁੰਦਰੀ ਜਹਾਜ਼ ਗੈਰਕਾਨੂੰਨੀ ਪਰਵਾਸੀਆਂ ਨੂੰ ਲੈ ਕੇ ਕੈਨੇਡਾ ਨਹੀਂ ਆਇਆ ਹੈ ਪਰ ਸਟੀਫਨ ਹਾਰਪਰ ਦੇ ਚਲੇ ਜਾਣ ਤੋਂ ਬਾਅਦ ਲਿਬਰਲ ਸਰਕਾਰ ਨੇ ਵੀ ਵਿਦੇਸ਼ਾਂ ਵਿੱਚ ਸਹਾਇਤਾ ਦੇਣ ਦੀ ਇਸ ਵਿਵਾਦਪੂਰਣ ਨੀਤੀ ਨੂੰ ਜਾਰੀ ਰੱਖਿਆ ਹੈ। ਮਿਸਾਲ ਵਜੋਂ 2018 ਵਿੱਚ ਇਸ ਰਣਨੀਤੀ ਉੱਤੇ 18 ਮਿਲੀਅਨ ਡਾਲਰ ਖਰਚ ਕੀਤੇ ਗਏ।

ਦਰਅਸਲ ਪਰਵਾਸੀਆਂ ਨੂੰ ਰੋਕਣ ਲਈ ਇੰਟਰਪੋਲ ਦੇ ਇੱਕ ਪ੍ਰੋਜੈਕਟ ਦਾ ਨਾਮ "ਪ੍ਰੋਜੈਕਟ ਰੀਲੇਅ' ਹੈ ਜੋ ਸਾਰੇ ਦੇ ਸਾਰਾ ਕੈਨੇਡਾ ਸਰਕਾਰ ਵੱਲੋਂ ਫੰਡ ਕੀਤਾ ਜਾਂਦਾ ਹੈ। ਮਜ਼ੇਦਾਰ ਗੱਲ ਇਹ ਕਿ ਕੋਈ ਵੀ ਸਰਕਾਰੀ ਸ੍ਰੋਤ ਇਹ ਜਾਣਕਾਰੀ ਨਹੀਂ ਦੇਂਦਾ ਕਿ ਸਰਕਾਰ ਕਿਹਨਾਂ ਦੇਸ਼ਾਂ ਵਿੱਚ ਕਿਸ ਸੰਸਥਾ ਦੀ ਮਦਦ ਨਾਲ ਇਹ ਕੰਮ ਕਰ ਰਹੀ ਹੈ ਪਰ ਇੰਟਰਪੋਲ ਨੇ ਆਪਣੀ ਵੈੱਬਸਾਈਟ ਇਸ ਬਾਰੇ ਖੁੱਲ ਕੇ ਜਾਣਕਾਰੀ ਪਾਈ ਹੋਈ ਹੈ। ਇੰਟਰਪੋਲ ਵੱਲੋਂ ਨਸ਼ਰ ਕੀਤੀ ਜਾਣਕਾਰੀ ਮੁਤਾਬਕ ਹੋਰ ਕਾਰਵਾਈਆਂ ਤੋਂ ਇਲਾਵਾ ਪ੍ਰੋਜੈਕਟ ਰੀਲੇਅ ਤਹਿਤ ਬੰਗਲਾਦੇਸ਼, ਭੁਟਾਨ, ਮਾਇਆਂਮਾਰ, ਨੇਪਾਲ ਅਤੇ ਸ੍ਰੀਲੰਕਾ ਵਿੱਚ ਪੰਜ ਏਅਰਪੋਰਟਾਂ ਉੱਤੇ 5 ਲੱਖ ਤੋਂ ਵੱਧ ਯਾਤਰੂਆਂ ਦੀ ਤਲਾਸ਼ੀ ਲਈ ਗਈ ਕਿ ਕਿਤੇ ਉਹ ਗਲਤ ਦਸਤਾਵੇਜ਼ਾਂ ਦਾ ਇਸਤੇਮਾਲ ਕਰਕੇ ਦੇਸ਼ ਛੱਡਣ ਦੀ ਕੋਸ਼ਿਸ਼ ਤਾਂ ਨਹੀਂ ਕਰ ਰਹੇ। ਏਅਰਪੋਰਟਾਂ ਉੱਤੇ ਕੀਤੇ ਗਏ ਇਸ ਅਪਰੇਸ਼ਨ ਵਿੱਚ ਭਾਰਤ ਸ਼ਾਮਲ ਨਹੀਂ ਸੀ। ਇੰਟਰਪੋਲ ਦੀ ਵੈੱਬਸਾਈਟ ਤੋਂ ਇਹ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ ਕਿ ਭਾਰਤ ਦੀ ਪ੍ਰੋਜੈਕਟ ਰੀਲੇਅ ਵਿੱਚ ਕਿਹੋ ਜਿਹੀ ਸ਼ਮੂਲੀਅਤ ਰਹੀ ਹੈ।

ਸੀ ਬੀ ਸੀ ਦੇ ਹਵਾਲੇ ਨਾਲ ਪਤਾ ਲੱਗਿਆ ਹੈ ਕਿ 2018-19 ਵਿੱਚ ਆਰ ਸੀ ਐਮ ਪੀ ਨੂੰ 4 ਮਿਲੀਅਨ ਡਾਲਰ ਰਾਸ਼ੀ ਪਰਵਾਸੀਆਂ ਦੀ ਸਮਗਲਿੰਗ ਰੋਕਣ ਲਈ ਦਿੱਤੀ ਗਈ ਪਰ ਹਾਲੇ ਤੱਕ ਪੁਲੀਸ ਨੇ ਇਹ ਸਾਂਝਾ ਨਹੀਂ ਕੀਤਾ ਕਿ ਉਹਨਾਂ ਕਿਹਨਾਂ ਦੇਸ਼ਾਂ ਵਿੱਚ ਜਾ ਕੇ ਕੰਮ ਕਰ ਰਹੀ ਹੈ। ਨਾ ਹੀ ਸਰਕਾਰ ਇਹ ਜਾਣਕਾਰੀ ਸਾਂਝੀ ਕਰ ਰਹੀ ਹੈ ਕਿ ਉਸਦੀ ਦਖ਼ਲਅੰਦਾਜ਼ੀ ਨਾਲ ਕਿੰਨੇ ਲੋਕ ਗ੍ਰਿਫਤਾਰ ਹੋਏ, ਚਾਰਜ ਕੀਤੇ ਗਏ ਜਾਂ ਕਿੰਨਿਆਂ ਨੂੰ ਵਿਦੇਸ਼ਾਂ ਵਿੱਚ ਸਜ਼ਾਵਾਂ ਹੋਈਆਂ ਹਨ। ਸਾਬਕਾ ਪ੍ਰਧਾਨ ਮੰਤਰੀ ਹਾਰਪਰ ਤਾਂ ਦੇਸ਼ ਛੱਡ ਕੇ ਭੱਜਣ ਵਾਲੇ ਪਰਵਾਸੀਆਂ ਨੂੰ ਅਪਰਾਧੀ ਆਖਣ ਲਈ ਬਦਨਾਮ ਸੀ ਪਰ ਵਰਤਮਾਨ ਪ੍ਰਧਾਨ ਮੰਤਰੀ ਤਾਂ ਪਰਵਾਸੀਆਂ ਦੇ ਹੱਕਾਂ ਲਈ ਖੜਨ ਵਾਲੇ ਹਨ। ਉਹਨਾਂ ਦੀ ਸਰਕਾਰ ਨੂੰ ਜਰੂਰ ਕੈਨੇਡੀਅਨਾਂ ਨਾਲ ਆਪਣੀ ਇਸ ਰਣਨੀਤੀ ਬਾਰੇ ਜਾਣਕਾਰੀ ਸਾਂਝੀ ਕਰਨੀ ਚਾਹੀਦੀ ਹੈ।

## ਪਤਨੀ ਵਿੱਚ ਫਲੂ ਵਰਗੇ ਲੱਛਣ ਪਾਏ ਜਾਣ ਤੋਂ ਬਾਅਦ ਟਰੂਡੋ ਨੇ ਖੁਦ ਨੂੰ ਕੀਤਾ ਆਈਸੋਲੇਟ

...ਪੰਨਾ 1 ਦਾ ਬਾਕੀ

ਇਸ ਬਿਆਨ ਵਿੱਚ ਆਖਿਆ ਗਿਆ ਕਿ ਡਾਕਟਰਾਂ ਵੱਲੋਂ ਪ੍ਰਧਾਨ ਮੰਤਰੀ ਨੂੰ ਆਪਣੇ ਰੋਜ਼ਾਨਾ ਦੇ ਕੰਮਕਾਜ ਜਾਰੀ ਰੱਖਣ ਲਈ ਆਖਿਆ ਹੈ ਤੇ ਇਸ ਦੇ ਨਾਲ ਹੀ ਆਪਣੀ ਨਿਗਰਾਨੀ ਕਰਦੇ ਰਹਿਣ ਦੀ ਵੀ ਸਲਾਹ ਦਿੱਤੀ ਗਈ ਹੈ। ਡਾਕਟਰਾਂ ਨੇ ਇਹ ਵੀ ਆਖਿਆ ਹੈ ਕਿ ਟਰੂਡੋ ਵਿੱਚ ਇਸ ਤਰ੍ਹਾਂ ਦੇ ਕੋਈ ਲੱਛਣ ਨਹੀਂ ਪਾਏ ਜਾ ਰਹੇ। ਪਰ ਫਿਰ ਵੀ ਅਹਿਤਿਆਤਨ ਪ੍ਰਧਾਨ ਮੰਤਰੀ ਨੇ ਖੁਦ ਹੀ ਅਲੱਗ ਥਲੱਗ ਰਹਿਣ ਦਾ ਫੈਸਲਾ ਕੀਤਾ ਹੈ ਤੇ ਸੋਫੀ ਦੇ ਟੈਸਟਾਂ ਦੇ ਨਤੀਜੇ ਆਉਣ ਤੱਕ ਉਹ ਘਰ ਤੋਂ ਹੀ ਕੰਮ ਕਰਨਗੇ।

ਪ੍ਰਧਾਨ ਮੰਤਰੀ ਘਰ ਤੋਂ ਹੀ ਬ੍ਰੀਫਿੰਗਜ਼, ਫੋਨ ਕਾਲਜ਼ ਤੇ ਘਰ ਤੋਂ ਹੀ ਵਰਚੂਅਲ ਮੀਟਿੰਗਾਂ ਕਰਨਗੇ। ਇਸ ਦੇ ਨਾਲ ਹੀ ਉਹ ਵਿਸ਼ਵ ਦੇ ਹੋਰਨਾਂ ਆਗੂਆਂ ਨਾਲ ਵੀ ਗੱਲ ਕਰਨਗੇ ਤੇ ਕੋਵਿਡ-19 ਦੇ ਸਬੰਧ ਵਿੱਚ ਕੈਬਨਿਟ ਦੀ ਵਿਸ਼ੇਸ਼ ਕਮੇਟੀ ਦੀ ਮੀਟਿੰਗ ਵਿੱਚ ਵੀ ਉਹ ਹਿੱਸਾ ਲੈਣਗੇ। ਇਸ ਮਾਮਲੇ ਤੋਂ ਬਾਅਦ ਕੈਨੇਡਾ ਦੇ ਫਰਸਟ ਮੰਤਰੀਆਂ ਦੀ ਮੀਟਿੰਗ ਵੀ ਰੱਦ ਕਰ ਦਿੱਤੀ ਗਈ ਹੈ। ਪੀਐਮਓ ਦਾ ਕਹਿਣਾ ਹੈ ਕਿ ਟਰੂਡੋ ਤੇ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਫਰਸਟ ਮੰਤਰੀਆਂ ਨਾਲ ਫੋਨ ਉੱਤੇ ਕੈਨੇਡਾ ਦੇ ਕੋਵਿਡ-19 ਸਬੰਧੀ ਰੋਕਥਾਮ ਲਈ ਅਪਣਾਏ ਜਾ ਰਹੇ ਮਾਪਦੰਡਾਂ ਬਾਰੇ ਗੱਲਬਾਤ ਕਰਨਗੇ।

ਇਸ ਦੌਰਾਨ ਐਨਡੀਪੀ ਆਗੂ ਜਗਮੀਤ ਸਿੰਘ ਨੇ ਵੀ ਵੀਰਵਾਰ ਨੂੰ ਖੁਲਾਸਾ ਕੀਤਾ ਕਿ ਬਿਮਾਰ ਪੈਣ ਤੋਂ ਬਾਅਦ ਉਹ ਵੀ ਖੁਦ ਨੂੰ ਆਈਸੋਲੇਟ ਕਰ ਰਹੇ ਹਨ। ਉਨ੍ਹਾਂ ਟਵੀਟ ਕਰਕੇ ਦੱਸਿਆ ਕਿ ਉਨ੍ਹਾਂ ਡਾਕਟਰ ਨਾਲ ਵੀ ਸਲਾਹ ਕੀਤੀ ਹੈ ਤੇ ਉਨ੍ਹਾਂ ਦਾ ਨਹੀਂ ਮੰਨਣਾ ਕਿ ਇਹ ਲੱਛਣ ਕੋਵਿਡ-19 ਵਾਲੇ ਹਨ। ਪਰ ਡਾਕਟਰ ਨੇ ਉਨ੍ਹਾਂ ਨੂੰ ਇਹ ਸਲਾਹ ਵੀ ਦਿੱਤੀ ਹੈ ਕਿ ਸਿਹਤਯਾਬ ਹੋਣ ਤੱਕ ਉਹ ਲੋਕਾਂ ਦੇ ਸੰਪਰਕ ਵਿੱਚ ਨਾ ਆਉਣ।

## ਕੋਵਿਡ-19 ਦੇ ਮਾਮਲਿਆਂ ਵਿੱਚ ਵਾਧੇ ਕਾਰਨ ਹੋਲੀ ਗਾਲਾ 2020 ਰੱਦ

ਬਰੈਂਪਟਨ, 12 ਮਾਰਚ (ਪੋਸਟ ਬਿਊਰੋ) : ਓਨਟਾਰੀਓ ਵਿੱਚ ਕੋਵਿਡ-19 ਦੇ ਵੱਧ ਰਹੇ ਮਾਮਲਿਆਂ ਨੂੰ ਵੇਖਦਿਆਂ ਹੋਇਆਂ ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ (ਓਸਲਰ ਫਾਊਂਡੇਸ਼ਨ) ਨੇ 4 ਅਪਰੈਲ ਨੂੰ ਕਰਵਾਇਆ ਜਾਣ ਵਾਲਾ ਹੋਲੀ ਗਾਲਾ ਰੱਦ ਕਰਨ ਦਾ ਫੈਸਲਾ ਕੀਤਾ ਹੈ।



ਓਸਲਰ ਫਾਊਂਡੇਸ਼ਨ ਵੱਲੋਂ ਆਪਣੇ ਸਪਾਂਸਰਜ਼, ਕਮੇਟੀ ਮੈਂਬਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਕਈ ਸਾਲਾਂ ਤੱਕ ਓਸਲਰ ਦੇ ਡਾਕਟਰਾਂ, ਨਰਸਾਂ ਤੇ ਸਟਾਫ, ਜਿਹੜਾ ਪੂਰੇ ਸਮਰਪਣ ਨਾਲ 24/7 ਅਜਿਹੇ ਔਖੇ ਵੇਲਿਆਂ ਵਿੱਚ ਵੀ ਕੰਮ ਕਰ ਰਹੇ ਹਨ, ਦਾ ਸਾਥ ਦਿੱਤਾ। ਓਸਲਰ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਤੇ ਸੀਈਓ ਕੇਨ ਮੇਅਹਿਊ ਨੇ ਆਖਿਆ ਕਿ ਓਸਲਰ ਹਸਪਤਾਲਾਂ ਦਾ ਸਾਰਾ ਸਾਜ਼ੋ ਸਮਾਨ ਕਮਿਊਨਿਟੀ ਵੱਲੋਂ ਦਿੱਤੇ ਫੰਡ ਨਾਲ ਹੀ ਬਣਿਆ ਹੈ। ਆਪਣੀ ਪੂਰੀ ਜ਼ਿੰਦਗੀ ਵਿੱਚ ਹਾਸਲ ਕਰਨ ਵਾਲੀ 80 ਫੀ ਸਦੀ ਸਿਹਤ ਸੰਭਾਲ ਅਸੀਂ ਕਮਿਊਨਿਟੀ ਹਸਪਤਾਲ ਤੋਂ ਹੀ ਹਾਸਲ ਕਰਦੇ ਹਾਂ।

ਉਨ੍ਹਾਂ ਆਖਿਆ ਕਿ ਇਸੇ ਲਈ ਹੋਲੀ ਗਾਲਾ ਵਰਗੇ ਪ੍ਰੋਗਰਾਮ ਬਹੁਤ ਜ਼ਿਆਦਾ ਅਹਿਮ ਹਨ। ਇਸ ਲਈ ਓਸਲਰ ਦਾ ਮੰਨਣਾ ਹੈ ਕਿ ਤੁਹਾਨੂੰ ਉਸ ਸਮੇਂ ਹੈਲਥ ਕੇਅਰ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ ਜਦੋਂ ਤੁਹਾਨੂੰ ਇਸ ਦੀ ਸੱਭ ਤੋਂ ਵੱਧ ਲੋੜ ਹੈ। ਸਾਡੀ ਕਮਿਊਨਿਟੀ ਦੀ ਸਿਹਤ ਓਸਲਰ ਦੀ ਮੁੱਖ ਤਰਜੀਹ ਹੈ ਤੇ ਇਸ ਲਈ ਅਸੀਂ ਆਪਣੇ ਕੇਅਰਗਿਵਰਜ਼ ਦੇ ਹੌਸਲੇ ਤੇ ਸਮਰਪਣ ਭਾਵਨਾਂ ਦੇ ਜਜ਼ਬੇ ਦੇ ਜਸ਼ਨ ਮਨਾਉਣ ਲਈ ਹੋਲੀ ਗਾਲਾ 2021 ਦੀ ਪੀਅਰਸਨ ਕਨਵੈਨਸ਼ਨ ਸੈਂਟਰ ਵਿੱਚ ਪੱਬਾਂ ਭਾਰ ਹੋ ਕੇ ਉਡੀਕ ਕਰਾਂਗੇ।

## ਬੰਦੇ ਨੇ ਕੋਰੋਨਾ ਵਾਇਰਸ ਦਾ ਝੂਠ ਫੈਲਾਇਆ ਤੇ 3 ਦਿਨ ਦਫਤਰ ਬੰਦ ਰਿਹਾ

ਬੀਜਿੰਗ, 10 ਮਾਰਚ (ਪੋਸਟ ਬਿਊਰੋ)- ਦੁਨੀਆ ਭਰ ਵਿਚ ਜਾਨਲੇਵਾ ਕੋਰੋਨਾਵ-ਾਇਰਸ ਦਾ ਕਹਿਰ ਜਾਰੀ ਹੈ। ਇਸ ਤੋਂ ਬਚਣ ਲਈ ਲੋਕ ਕਈ ਢੰਗ ਵਰਤ ਰਹੇ ਹਨ, ਪਰ ਕੁਝ ਲੋਕ ਇਸ ਬਾਰੇ ਅਫਵਾਹਾਂ ਵੀ ਫੈਲਾ ਰਹੇ ਹਨ।

ਵਾਇਰਸ ਸਬੰਧੀ ਝੂਠ ਫੈਲਾਉਣ ਦਾ ਇਕ ਕੇਸ ਸਾਹਮਣੇ ਆਇਆ ਹੈ ਜਿਸ ਵਿਚ ਇਕ ਸ਼ਖਸ ਨੇ ਦਫਤਰ ਜਾਣ ਤੋਂ ਬਚਣ ਲਈ ਝੂਠ ਬੋਲਿਆ ਕਿ ਉਹ ਕੋਰੋਨਾ ਵਾਇਰਸ ਤੋਂ ਇਨਫੈਕਟਿਡ ਹੋ ਗਿਆ ਹੈ। ਇਸ ਕਾਰਨ ਉਸ ਦੇ ਦਫਤਰ ਨੂੰ ਅਸਥਾਈ ਤੌਰ ਉੱਤੇ ਬੰਦ ਕਰਨਾ ਪਿਆ। ਇਹ ਮਾਮਲਾ ਕੋਰੋਨਾ ਵਾਇਰਸ ਨਾਲ ਸਭ ਤੋਂ ਵੱਧ ਪ੍ਰਭਾਵਿਤ ਦੇਸ਼ ਚੀਨ ਦੇ ਜਿਆਂਗਸੁ ਸੂਬੇ ਦਾ ਹੈ। ਚਾਂਗਝੋਊ ਅਖਬਾਰ ਦੀ ਰਿਪੋਰਟ ਮੁਤਾਬਕ ਝੂ ਦੇ ਝੂਠ ਬੋਲਣ ਨਾਲ ਉਸ ਦੇ ਦਫਤਰ ਨੂੰ 3 ਦਿਨ ਬੰਦ ਕਰਨਾ ਪਿਆ ਤੇ 47 ਕਰਮਚਾਰੀਆਂ ਨੂੰ ਘਰਾਂ ਵਿਚ ਆਈਸੋਲੇਸ਼ਨ ਵਿਚ ਰਹਿਣ ਲਈ ਕਿਹਾ ਗਿਆ। ਇਹ ਘਟਨਾ ਫਰਵਰੀ ਮਹੀਨੇ ਦੀ ਹੈ। ਝੂ ਨੇ ਆਪਣੀ ਕੰਪਨੀ ਨੂੰ ਸਭ ਤੋਂ ਪਹਿਲਾਂ ਦੱਸਿਆ ਕਿ ਜਿਸ ਸਮੇਂ ਕੋਰੋਨਾ ਵਾਇਰਸ ਦੇ ਮਰੀਜ਼ ਸੁਪਰ ਮਾਰਕੀਟ ਵਿਚ ਗਏ ਸਨ, ਓਦੋਂ ਉਹ ਵੀ ਸ਼ਾਪਿੰਗ ਲਈ ਓਥੇ ਮੌਜੂਦ ਸੀ। ਇਸ ਗੱਲ ਨੂੰ ਸਾਬਤ ਕਰਨ ਲਈ ਉਸ ਨੇ ਖਰੀਦਦਾਰੀ ਦੀ ਰਸੀਦ ਵੀ ਦਿਖਾਈ, ਪਰ ਬਾਅਦ ਵਿਚ ਮੰਨ ਲਿਆ ਕਿ ਉਸ ਦੇ ਗਲਤ ਰਸੀਦ ਦਿੱਤੀ ਸੀ ਅਤੇ ਝੂਠ ਬੋਲਿਆ ਸੀ। ਪੁਲਸ ਨੇ ਜਾਂਚ ਦੇ ਦੌਰਾਨ ਪਾਇਆ ਸੀ ਕਿ ਉਸ ਦੀ ਕਹਾਣੀ ਸੱਚੀ ਨਹੀਂ ਹੈ।

ਚਾਂਗਝੋਊ ਅਖਬਾਰ ਦੀ ਰਿਪੋਰਟ ਮੁਤਾਬਕ ਝੂ ਸਿਰਫ ਦਫਤਰ ਨਹੀਂ ਜਾਣਾ ਚਾਹੁੰਦਾ ਸੀ ਅਤੇ ਇਸੇ ਲਈ ਹੀ ਝੂਠ ਬੋਲਿਆ ਸੀ। ਕੋਰੋਨਾ ਵਾਇਰਸ ਬਾਰੇ ਝੂਠ ਬੋਲਣ ਲਈ ਝੂ ਨੂੰ 3 ਮਹੀਨੇ ਜੇਲ ਕੱਟਣੀ ਪਵੇਗੀ ਅਤੇ 6 ਮਹੀਨੇ ਪ੍ਰੋਬੇਸ਼ਨ ਉੱਤੇ ਰਹਿਣਾ ਪਵੇਗਾ। ਇਸ ਤੋਂ ਪਹਿਲਾਂ ਚੀਨੀ ਸ਼ਖਸ ਜੁਓ ਨੇ ਵੀ ਇਸ ਲਈ ਕੋਰੋਨਾ ਵਾਇਰਸ ਨਾਲ ਇਨਫੈਕਟਿਡ ਹੋਣ ਦਾ ਝੂਠ ਫੈਲਾਇਆ ਸੀ ਕਿਉਂਕਿ ਉਹ ਜਾਣਨਾ ਚਾਹੁੰਦਾ ਸੀ ਕਿ ਇਸ ਵਾਇਰਸ ਨਾਲ ਪੀੜਤ ਮਰੀਜ਼ਾਂ ਦੇ ਨਾਲ ਹਸਪਤਾਲ ਵਿਚ ਕੀ ਕੀਤਾ ਜਾਂਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਓਪਨ ਹਾਊਸ ਫੈਸਿਲਿਟੀ ਸਸਪੈਂਡ ਕਰਨ ਦਾ ਫੈਸਲਾ

ਟੋਰਾਂਟੋ, 12 ਮਾਰਚ (ਪੋਸਟ ਬਿਊਰੋ) : ਕੋਰੋਨਾਵਾਇਰਸ (ਕੋਵਿਡ-19) ਦੇ ਮਾਮਲਿਆਂ ਵਿੱਚ ਤੇਜ਼ੀ ਨਾਲ ਹੋ ਰਹੇ ਇਜਾਫੇ ਕਾਰਨ ਕਾਉਂਸਲੇਟ (365 ਬਲੂਰ ਸਟਰੀਟ ਈਸਟ, ਟੋਰਾਂਟੋ) ਵਿੱਚ ਓਪਨ ਹਾਊਸ ਫੈਸਿਲਿਟੀ ਨੂੰ ਸਸਪੈਂਡ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਅਗਲੇ ਹੁਕਮਾਂ ਤੱਕ ਜਾਰੀ ਰਹੇਗਾ।

ਹਾਲ ਦੀ ਘੜੀ ਬਿਨੈਕਰਤਾਵਾਂ ਨੂੰ ਆਪਣੇ ਮੁੱਦੇ ਹੱਲ ਕਰਵਾਉਣ ਲਈ ਈ ਮੇਲ ਫੈਸਿਲਿਟੀ ਦੀ ਵਰਤੋਂ ਕਰਨ ਲਈ ਆਖਿਆ ਜਾਂਦਾ ਹੈ। ਸਬੰਧਤ ਅਧਿਕਾਰੀਆਂ ਦੀਆਂ ਈਮੇਲ ਹੇਠ ਲਿਖੇ ਅਨੁਸਾਰ ਹਨ :

1. ਭਾਰਤੀ ਪਾਸਪੋਰਟ ਸਰੈਂਡਰ ਕਰਨ, ਪੁਲਿਸ ਕਲੀਅਰੈਂਸ, ਵੀਜ਼ਾ ਜਾਂ ਅਟੈਸਟੇਸ਼ਨ ਲਈ ਸ੍ਰੀ ਹੋਤੀ ਲਾਲ, ਕਾਉਂਸਲ (ਸੀਪੀਵੀ) cons.toronto@mea.gov.in
2. ਪਾਸਪੋਰਟ ਤੇ ਓਸੀਆਈ ਮਾਮਲਿਆਂ ਲਈ ਸ੍ਰੀ ਪੀ. ਕੇ ਮੁੰਜਾਲ ਕਾਉਂਸਲ (ਪਾਸਪੋਰਟ ਐਂਡ ਓਸੀਆਈ) consec.toronto@mea.gov.in, oci.toronto@mea.gov.in
3. ਵੀਜ਼ਾ ਨਾਲ ਸਬੰਧਤ ਮਾਮਲਿਆਂ ਲਈ ਆਰਐਸ ਰਾਵਤ ਵਾਈਸ ਕਾਉਂਸਲ (ਵੀਜ਼ਾ) visa.toronto@mea.gov.in

ਜੇ ਕਿਸੇ ਅਧਿਕਾਰੀ ਨਾਲ ਮੁਲਾਕਾਤ ਦੀ ਲੋੜ ਪੈਂਦੀ ਵੀ ਹੈ ਤਾਂ ਸਬੰਧਤ ਅਧਿਕਾਰੀ ਤੋਂ ਅਗਾਊਂ ਅਪੁਆਂਇੰਟਮੈਂਟ ਲਈ ਜਾ ਸਕਦੀ ਹੈ।




## ਸਿੱਖ ਜੀਨੋਸਾਈਡ ਅਵੇਅਰਨੈਸ ਵੀਕ ਸਬੰਧੀ ਬਿੱਲ ਦੀ ਦੂਜੀ ਰੀਡਿੰਗ ਪਾਸ

...ਪੰਨਾ 1 ਦਾ ਬਾਕੀ

ਇਸੇ ਤਰ੍ਹਾਂ ਹੀ ਬਰੈਂਪਟਨ ਵੈਸਟ ਤੋਂ ਅਮਰਜੋਤ ਸੰਧੂ ਨੇ ਵੀ ਇਸ ਬਿੱਲ ਲਈ ਆਪਣੀ ਭਰਪੂਰ ਹਮਾਇਤ ਦਿੱਤੀ। ਮਿਸੀਸਾਗਾ ਸੈਂਟਰ ਤੋਂ ਨੀਨਾ ਤਾਂਗੜੀ ਨੇ ਉਸ ਸਮੇਂ ਦੀ ਸਰਕਾਰ ਨੂੰ ਕੋਸਿਆ ਵੀ ਅਤੇ ਨਾਲ ਦੀ ਨਾਲ ਆਪਣੀ ਸੁਰ ਕੁੱਝ ਮੱਠੀ ਵੀ ਰੱਖੀ। ਮਿਸੀਸਾਗਾ ਮਾਲਟਨ ਤੋਂ ਐੱਮ.ਪੀ.ਪੀ. ਦੀਪਕ ਆਨੰਦ ਨੂੰ ਕੁਝ ਬੁਖਾਰ ਦੱਸਿਆ ਗਿਆ ਹੈ ਅਤੇ ਉਹ ਇਸ ਕਾਰਵਾਈ 'ਚੋਂ ਗੈਰਹਾਜ਼ਿਰ ਰਹੇ। ਉਂਝ ਦੀਪਕ ਆਨੰਦ ਵੱਲੋਂ ਵੱਖ-ਵੱਖ ਥਾਂਵਾਂ 'ਤੇ ਗੱਲ ਕਰਦਿਆਂ ਇਹ ਵੀ ਕਿਹਾ ਗਿਆ ਸੀ ਕਿ ਉਹ ਇਸ ਬਿੱਲ ਦੀ ਭਾਸ਼ਾ ਨਾਲ ਸਹਿਮਤ ਨਹੀਂ ਹਨ। ਯਾਦ ਰਹੇ ਕਿ ਇਸ ਬਿੱਲ ਦੀ ਕੈਨੇਡਾ-ਇੰਡੀਆ ਫਾਊਂਡੇਸ਼ਨ ਅਤੇ ਹਾਰਮਨੀ ਗਰੁਪ ਵੱਲੋਂ ਵਿਰੋਧਤਾ ਕੀਤੀ ਗਈ ਸੀ ਅਤੇ ਸਾਰੇ ਐੱਮ.ਪੀ.ਪੀਜ਼ 'ਤੇ ਬਿੱਲ ਦਾ ਵਿਰੋਧ ਕਰਨ ਲਈ ਦਬਾਅ ਪਾਇਆ ਗਿਆ ਸੀ। ਬੀਤੇ ਸਾਲ ਹਾਰਮਨੀ ਗਰੁਪ ਵੱਲੋਂ ਦੀਪਕ ਆਨੰਦ ਨੂੰ ਮੁੱਖ ਮਹਿਮਾਨ ਵਜੋਂ ਬੁਲਾਕੇ ਸਨਮਾਨਿਤ ਵੀ ਕੀਤਾ ਗਿਆ ਸੀ। ਇਕ ਸਿੱਖ ਆਗੂ ਨੇ ਇਸ ਬਿੱਲ ਦੀ ਦੂਜੀ ਰੀਡਿੰਗ ਪਾਸ ਹੋ ਜਾਣ ਤੋਂ ਬਾਅਦ ਕਿਹਾ ਕਿ ਤੀਜੀ ਰੀਡਿੰਗ ਪਾਸ ਹੋਣ ਤੱਕ ਸਿੱਖ ਭਾਈਚਾਰੇ ਨੂੰ ਬਹੁਤ ਧਿਆਨ ਨਾਲ ਕੰਮ ਕਰਨਾ ਹੋਵੇਗਾ।

ਬਰੈਂਪਟਨ ਸੈਂਟਰ ਤੋਂ ਸਾਰੰਗ ਸਿੰਘ ਨੇ ਵੀ ਇਸ ਬਿੱਲ ਦੀ ਪੁਰਜ਼ੋਰ ਹਮਾਇਤ ਕੀਤੀ। ਬਰੈਂਪਟਨ ਨੌਰਥ ਤੋਂ ਕੈਵਿਨ ਯਾਰਡ ਨੇ ਇਸ ਬਿੱਲ ਦੀ ਖੁੱਲ੍ਹ ਕੇ ਹਮਾਇਤ ਕੀਤੀ। ਐੱਨਡੀਪੀ ਆਗੂ ਐਂਡਰੀਆ ਹੌਰਵਥ ਨੇ ਵੀ ਇਸ ਬਿੱਲ ਤੇ ਸਿੱਖਾਂ ਦੇ ਹੋਏ ਕਤਲੇਆਮ ਵਿੱਚ ਹਾਅ ਦਾ ਨਾਅਰਾ ਮਾਰਿਆ। ਇਸੇ ਤਰ੍ਹਾਂ ਹੀ ਮਿਲਟਨ ਤੋਂ ਪਰਮ ਗਿੱਲ ਤੇ ਕੁੱਝ ਹੋਰ ਐਮਪੀਪੀ ਸਾਹਿਬਾਨ ਨੇ ਵੀ ਇਸ ਬਿੱਲ ਦਾ ਸਮਰਥਨ ਕੀਤਾ। ਪਹਿਲਾਂ ਇਹ ਬਿੱਲ 26 ਫਰਵਰੀ ਨੂੰ ਪੇਸ਼ ਕੀਤਾ ਗਿਆ ਸੀ। ਅੱਜ ਇਸ ਦੀ ਦੂਜੀ ਰੀਡਿੰਗ ਸੀ। ਜਦੋਂ ਕਿਸੇ ਨੇ ਵੀ ਇਸ ਬਿੱਲ ਪ੍ਰਤੀ ਵਿਰੋਧਤਾ ਨਾ ਜਤਾਈ ਤਾਂ ਸਰਬਸੰਮਤੀ ਨਾਲ ਇਸ ਬਿੱਲ ਦੀ ਦੂਜੀ ਰੀਡਿੰਗ ਵੀ ਪਾਸ ਕਰ ਦਿੱਤੀ ਗਈ। ਹੁਣ ਇਹ ਬਿੱਲ ਕਮੇਟੀ ਕੋਲ ਜਾਵੇਗਾ ਤੇ ਇਸ ਦੀ ਤੀਜੀ ਰੀਡਿੰਗ ਅਤੇ ਸ਼ਾਹੀ ਮੋਹਰ ਲੱਗਣ ਤੋਂ ਬਾਅਦ ਇਸ ਬਿੱਲ ਨੂੰ ਪ੍ਰਵਾਨਗੀ ਮਿਲੇਗੀ। ਇਸ ਬਿਲ ਦੀ ਹਮਾਇਤ ਲਈ ਵੱਖ ਵੱਖ ਗੁਰ-ਦੁਆਰਾ ਸਾਹਿਬਾਨ ਦੇ ਪ੍ਰਬੰਧਕ ਅਤੇ ਸਿੱਖ ਆਗੂ ਵੀ ਪਹੁੰਚੇ ਹੋਏ ਸਨ, ਉਨ੍ਹਾਂ ਗੈਲਰੀ ਤੋਂ ਬੈਠ ਕੇ ਹੀ ਇਸ ਬਿੱਲ ਦੀ ਸਪੋਰਟ ਕੀਤੀ ਅਤੇ ਇਸ ਦੇ ਨਾਲ ਨਾਲ ਕੁਝ ਸੰਸਥਾਵਾਂ ਦੇ ਆਗੂ ਇਸ ਬਿਲ ਦੇ ਵਿਰੋਧ ਵਿਚ ਵੀ ਪਹੁੰਚੇ ਹੋਏ ਸਨ।

ਇਸ ਬਿੱਲ ਬਾਰੇ ਪਾਰਲੀਮੈਂਟ 'ਚ ਜਾਣਕਾਰੀ ਦਿੰਦਿਆਂ ਬਰੈਂਪਟਨ ਈਸਟ ਤੋਂ ਐੱਮ.ਪੀ.ਪੀ. ਗੁਰਰਤਨ ਸਿੰਘ ਦੱਸਿਆ ਓਨਟਾਰੀਓ ਵਿੱਚ ਵੱਡੀ ਗਿਣਤੀ ਸਿੱਖ ਕਮਿਊਨਿਟੀ ਵੱਸਦੀ ਹੈ ਤੇ ਇਹ ਸਾਊਥ ਏਸ਼ੀਆ ਤੋਂ ਬਾਅਦ ਅਜਿਹੀ ਥਾਂ ਹੈ ਜਿੱਥੇ ਸਿੱਖ ਸੱਭ ਤੋਂ ਵੱਧ ਗਿਣਤੀ ਵਿੱਚ ਪਾਏ ਜਾਂਦੇ ਹਨ। ਓਨਟਾਰੀਓ ਵਿੱਚ ਸਿੱਖਾਂ ਦੀਆਂ ਜੜ੍ਹਾਂ ਕਾਫੀ ਡੂੰਘੀਆਂ ਹਨ ਤੇ ਪ੍ਰੋਵਿੰਸ ਦੇ ਸਮਾਜਿਕ, ਸਿਆਸੀ ਤੇ ਆਰਥਿਕ ਤਾਣੇ ਬਾਣੇ ਨੂੰ ਮਜ਼ਬੂਤ ਕਰਨ ਵਿੱਚ ਸਿੱਖ ਅਹਿਮ ਭੂਮਿਕਾ ਨਿਭਾਅ ਰਹੇ ਹਨ। ਓਨਟਾਰੀਓ ਤੇ ਗਲੋਬਲ ਪੱਧਰ ਉੱਤੇ ਕਮਿਊਨਿਟੀ ਵਜੋਂ ਆਪਣਾ ਅਹਿਮ ਯੋਗਦਾਨ ਪਾਉਣ ਦੇ ਬਾਵਜੂਦ 1984 ਵਿੱਚ ਸਮੇਂ ਦੀ ਭਾਰਤ ਸਰਕਾਰ ਵੱਲੋਂ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਤੇ ਹੋਰ ਵਧੀਕੀਆਂ ਦਾ ਅਜੇ ਵੀ ਸਿੱਖ ਕੌਮ ਉੱਤੇ ਡੂੰਘਾ ਅਸਰ ਵੇਖਣ ਨੂੰ ਮਿਲਦਾ ਹੈ।

ਐੱਮ.ਪੀ.ਪੀ. ਗੁਰਰਤਨ ਸਿੰਘ ਨੇ ਅੱਗੇ ਕਿਹਾ ਕਿ ਸਿੱਖਾਂ ਖਿਲਾਫ ਹੋਏ ਜੁਰਮਾਂ ਤੇ ਵਧੀਕੀਆਂ ਦੀ ਤਸ਼ੱਦਦ ਅੱਜ ਵੀ ਸ਼ਰੀਰਕ ਤੇ ਮਾਨਸਿਕ ਤੌਰ ਉੱਤੇ ਸਿੱਖਾਂ ਨੂੰ ਤੰਗ ਕਰਦੀ ਹੈ। ਪੁਰਾਣੇ ਜ਼ਖ਼ਮ ਉਸ ਸਮੇਂ ਅੱਲ੍ਹੇ ਹੋ ਜਾਂਦੇ ਹਨ ਜਦੋਂ ਗੁਨੇਹਗਾਰਾਂ ਨੂੰ ਮੁਆਫੀ ਦਿੱਤੀ ਜਾਂਦੀ ਹੈ, ਸਿੱਖ ਕਤਲੇਆਮ ਦੇ ਜ਼ਿੰਮੇਵਾਰ ਆਗੂਆਂ ਦੀ ਜਵਾਬਦੇਹੀ ਤੈਅ ਨਹੀਂ ਕੀਤੀ ਜਾਂਦੀ ਜਾਂ ਅਜਿਹੇ ਆਗੂਆਂ ਵੱਲੋਂ ਸਿੱਖਾਂ ਉੱਤੇ ਕੀਤੀ ਗਈ ਤਸ਼ੱਦਦ ਤੇ ਸਿੱਖਾਂ ਖਿਲਾਫ ਕੀਤੇ ਜੁਰਮਾਂ ਲਈ ਕਸੂਰਵਾਰਾਂ ਨੂੰ ਸਜ਼ਾਵਾਂ ਨਹੀਂ ਮਿਲਦੀਆਂ। ਭਾਰਤ ਸਰਕਾਰ ਦਾ ਸਿੱਖਾਂ ਖਿਲਾਫ ਵਿਤਕਰੇ, ਸਿੱਖਾਂ ਤੇ ਹੋਰ ਘੱਟਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾਂ ਦਾ ਲੰਮਾਂ ਇਤਿਹਾਸ ਰਿਹਾ ਹੈ।

ਪਰ ਸਿੱਖਾਂ ਖਿਲਾਫ ਹੋਣ ਵਾਲੀਆਂ ਵਧੀਕੀਆਂ ਜੂਨ 1984 ਵਿੱਚ ਉਸ ਸਮੇਂ ਸਾਹਮਣੇ ਆਈਆਂ ਜਦੋਂ ਭਾਰਤ ਦੀਆਂ ਹਥਿਆਰਬੰਦ ਸੈਨਾਵਾਂ ਵੱਲੋਂ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮਾਂ ਮਗਰੋਂ ਆਪਰੇਸ਼ਨ ਬਲੂ ਸਟਾਰ ਲਾਂਚ ਕੀਤਾ ਗਿਆ। ਇਸ ਤਹਿਤ ਨਾ ਸਿਰਫ ਹਰਮੰਦਰ ਸਾਹਿਬ, ਅਕਾਲ ਤਖ਼ਤ ਸਾਹਿਬ ਤੇ ਉਨ੍ਹਾਂ ਦੇ ਨੇੜਲੀਆਂ ਹੋਰਨਾਂ ਸਿੱਖ ਇਮਾਰਤਾਂ ਉੱਤੇ ਫੌਜ ਵੱਲੋਂ ਹਮਲਾ ਬੋਲਿਆ ਗਿਆ ਸਗੋਂ ਪੰਜਾਬ ਦੇ 70 ਹੋਰ ਗੁਰਦੁਆਰਿਆਂ ਉੱਤੇ ਵੀ ਫੌਜ ਨੇ ਚੜ੍ਹਾਈ ਕੀਤੀ। ਆਪਰੇਸ਼ਨ ਬਲੂ ਸਟਾਰ ਦੌਰਾਨ ਸਮੇਂ ਦੀ ਸਰਕਾਰ ਨੇ ਪੰਜਾਬ ਦੀਆਂ ਸਰਹੱਦਾਂ ਸੀਲ ਕਰ ਦਿੱਤੀਆਂ ਤੇ ਮੀਡੀਆ ਬਲੈਕਆਊਟ ਕਰ ਦਿੱਤਾ। ਜਿਸ ਤੋਂ ਭਾਵ ਸੀ ਕਿ ਵਿਦੇਸ਼ੀ ਪੱਤਰਕਾਰਾਂ ਨੂੰ ਬੇਦਖਲ ਕਰ ਦਿੱਤਾ ਗਿਆ ਤੇ ਹਰ ਕਿਸਮ ਦੀ ਰਿਪੋਰਟਿੰਗ ਸੈਂਸਰ ਕਰ ਦਿੱਤੀ ਗਈ। ਇਸ ਹਮਲੇ ਦਾ ਸਮੁੱਚਾ ਅਸਰ ਬਹੁਤ ਹੀ ਤਬਾਹਕੁੰਨ ਰਿਹਾ, ਸਕਿਊਰਿਟੀ ਫੋਰਸਿਜ਼ ਵੱਲੋਂ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖਾਂ ਨੂੰ ਕਤਲ ਕਰ ਦਿੱਤਾ ਗਿਆ ਤੇ ਸਿੱਖਾਂ ਦੀਆਂ ਇਤਿਹਾਸਕ ਇਮਾਰਤਾਂ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ। ਸਿੱਖ ਗੁਰਦੁਆਰਿਆਂ ਨੂੰ ਗੰਭੀਰ ਨੁਕਸਾਨ ਪਹੁੰਚਾਉਣ ਦੇ ਨਾਲ ਨਾਲ ਸਿੱਖਾਂ ਨਾਲ ਜੁੜੇ ਅਹਿਮ ਦਤਸਾਵੇਜ਼,ਖਰੜੇ ਤੇ ਹਥਲਿਖਤਾਂ ਵੀ ਬਰਬਾਦ ਕਰ ਦਿੱਤੀਆਂ ਗਈਆਂ।

ਉਨ੍ਹਾਂ ਕਿਹਾ ਕਿ ਇਸ ਤਬਾਹੀ ਵਿੱਚ ਅਕਾਲ ਤਖ਼ਤ ਸਾਹਿਬ ਨੂੰ ਢਾਇਆ ਜਾਣਾ ਵੀ ਸ਼ਾਮਲ ਹੈ ਤੇ ਸਿੱਖਾਂ ਨਾਲ ਸਬੰਧਤ ਲਾਇਬ੍ਰੇਰੀ ਨੂੰ ਸਾੜਿਆ ਜਾਣਾ ਤੇ ਉੱਥੇ ਲੁੱਟਮਾਰ ਕੀਤਾ ਜਾਣਾ ਵੀ ਸ਼ਾਮਲ ਹੈ। ਇਸ ਨਾਲ ਇਤਿਹਾਸਕ ਸਰੋਤਾਂ ਦਾ ਵੱਡਾ ਨੁਕਸਾਨ ਹੋਇਆ। ਇਸ ਤੋਂ ਕੁੱਝ ਸਮੇਂ ਬਾਅਦ ਹੀ ਨਵੰਬਰ 1984 ਵਿੱਚ, ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਮੇਂ ਦੀ ਕਾਂਗਰਸ ਸਰਕਾਰ ਵੱਲੋਂ ਭਾਰਤ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਦਿੱਲੀ ਵਿੱਚ ਤਾਂ ਹਾਕਮ ਸਰਕਾਰ ਵੱਲੋਂ ਵਹਿਸ਼ਤ ਦਾ ਨੰਗਾ ਨਾਚ ਕੀਤਾ ਗਿਆ। ਵੋਟਰ ਰਜਿਸਟਰੇਸ਼ਨ ਲਿਸਟਾਂ ਤੇ ਪ੍ਰਾਪਰਟੀ ਦੇ ਰਿਕਾਰਡ ਦੇ ਆਧਾਰ ਉੱਤੇ ਸਿੱਖਾਂ ਨੂੰ ਚੁਣ ਚੁਣ ਕੇ ਮਾਰਿਆ ਗਿਆ। ਬੇਕਿਰਕ ਭੀੜ ਵੱਲੋਂ ਸਿੱਖਾਂ ਖਿਲਾਫ ਰੱਜ ਕੇ ਹਿੰਸਾ ਕੀਤੀ ਗਈ, ਸਿੱਖਾਂ ਉਤੇ ਕੈਰੋਸੀਨ ਤੇ ਹੋਰ ਜਲਨਸ਼ੀਲ ਕੈਮੀਕਲਜ਼ ਪਾ ਕੇ ਉਨ੍ਹਾਂ ਨੂੰ ਜਿਉਂਦਾ ਸਾੜਿਆ ਗਿਆ, ਸਿੱਖਾਂ ਦੇ ਗਲਾਂ ਵਿੱਚ ਬਲਦੇ ਟਾਇਰ ਪਾ ਕੇ ਉਨ੍ਹਾਂ ਨੂੰ ਜਿਉਂਦਾ ਸਾੜਿਆ ਗਿਆ।

ਇੱਥੇ ਹੀ ਬੱਸ ਨਹੀਂ ਸਰਕਾਰ ਵੱਲੋਂ ਆਯੋਜਿਤ ਇਸ ਹਿੰਸਾ ਦੌਰਾਨ ਸਿੱਖ ਔਰਤਾਂ ਦਾ ਭੀੜ ਵੱਲੋਂ ਜਿਨਸੀ ਸ਼ੋਸ਼ਣ ਵੀ ਕੀਤਾ ਗਿਆ, ਕਈ ਕਈ ਦਿਨਾਂ ਤੱਕ ਸਿੱਖ ਔਰਤਾਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਖਿਲਾਫ ਘਰਾਂ ਵਿੱਚ ਡੱਕ ਕੇ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ। ਇਸ ਦੌਰਾਨ ਸਿੱਖਾਂ ਦੇ ਕਾਰੋਬਾਰ, ਘਰਬਾਰ, ਗੁਰਦੁ-ਆਰੇ ਤਬਾਹ ਹੋ ਗਏ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖਾਂ ਦਾ ਉਜਾੜਾ ਹੋਇਆ। ਇਸ ਸਾਰੀ ਕਤਲੋਗਾਰਤ ਵਿੱਚ ਪੁਲਿਸ ਤੇ ਸਿਆਸਤਦਾਨਾਂ ਨੇ ਵੀ ਸਿੱਖਾਂ ਖਿਲਾਫ ਹਿੰਸਾ ਵਿੱਚ ਵੱਧ ਚੜ੍ਹ ਕੇ ਹਿਸਾ ਲਿਆ। ਇੱਕ ਦਹਾਕੇ ਤੱਕ ਸਿੱਖਾਂ ਨੂੰ ਤਸੀਹੇ ਦਿੱਤੇ ਗਏ, ਸਿੱਖ ਮੁੰਡਿਆਂ ਨੂੰ ਵੱਡੀ ਗਿਣਤੀ ਵਿੱਚ ਗਾਇਬ ਕਰ ਦਿੱਤਾ ਗਿਆ। ਇਹ ਸਿਰਫ ਪੰਜਾਬ ਵਿੱਚ ਹੀ ਨਹੀਂ ਹੋਇਆ ਸਗੋਂ ਹੋਰਨਾਂ ਸੂਬਿਆਂ ਵਿੱਚ ਵੀ ਹੋਇਆ।

ਐੱਮ.ਪੀ.ਪੀ. ਗੁਰਰਤਨ ਸਿੰਘ ਨੇ ਅੰਤ 'ਚ ਕਿਹਾ ਕਿ ਮਰਹੂਮ ਜਸਵੰਤ ਸਿੰਘ ਖਾਲੜਾ ਵਲੋਂ ਹਜ਼ਾਰਾਂ ਦੀ ਗਿਣਤੀ ਵਿੱਚ ਲਾਪਤਾ ਹੋਏ ਸਿੱਖ ਮੁੰਡਿਆਂ, ਸਿੱਖਾਂ ਦੇ ਹੋਏ ਕਤਲ, ਉਨ੍ਹਾਂ ਨੂੰ ਦਿੱਤੇ ਗਏ ਤਸੀਹਿਆਂ ਤੇ ਗੁਪਤ ਢੰਗ ਨਾਲ ਸਿੱਖਾਂ ਦੇ ਕੀਤੇ ਗਏ ਇੱਕਠੇ ਸਸਕਾਰਾਂ ਦਾ ਮਾਮਲਾ ਦੁਨੀਆ ਸਾਹਮਣੇ ਲਿਆਂਦਾ ਗਿਆ। ਉਨ੍ਹਾਂ ਦਾ ਕੰਮ, ਸਰਕਾਰੀ ਰਿਕਾਰਡਾਂ ਉੱਤੇ ਆਧਾਰਿਤ ਸੀ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਸਰਕਾਰ ਤੇ ਉਸ ਦੇ ਇਸ਼ਾਰੇ ਉੱਤੇ ਸਿੱਖ ਅਬਾਦੀ ਨੂੰ ਨਿਸ਼ਾਨਾ ਬਣਾਇਆ ਗਿਆ। ਸਿੱਖਾਂ ਦੀ ਇਹ ਨਸਲਕੁਸ਼ੀ ਸੋਚੀ ਸਮਝੀ ਸਾਜ਼ਿਸ਼ ਤਹਿਤ ਅੰਜਾਮ ਦਿੱਤੀ ਗਈ। ਇਸ ਨਸਲਕੁਸੀ ਨੂੰ ਸਵੀਕਾਰ ਕਰਨਾ ਸਿੱਖ ਕਮਿਊਨਿਟੀ ਦੇ ਜ਼ਖ਼ਮਾਂ ਉੱਤੇ ਮਲ੍ਹਮ ਲਾਉਣ ਵਾਲੀ ਗੱਲ ਹੋਵੇਗੀ। ਇਨ੍ਹਾਂ ਕੌਮਾਂਤਰੀ ਜੁਰਮਾਂ ਨੂੰ ਪਛਾਣ ਕੇ ਅਸੀਂ ਸੱਚਾਈ, ਨਿਆਂ ਤੇ ਮਨੁੱਖੀ ਅਧਿਕਾਰਾਂ ਦੇ ਹੱਕ ਵਿੱਚ ਭੁਗਤਾਂਗੇ। ਅਜਿਹਾ ਇਸ ਲਈ ਕੀਤਾ ਜਾਣਾ ਜ਼ਰੂਰੀ ਹੈ ਤਾਂ ਕਿ ਭਵਿੱਖ ਵਿੱਚ ਇਸ ਤਰ੍ਹਾਂ ਦੀ ਨਸਲਕੁਸ਼ੀ, ਮਨੁੱਖਤਾ ਖਿਲਾਫ ਅਜਿਹੇ ਜੁਰਮ ਤੇ ਹੋਰ ਵਧੀਕੀਆਂ ਨੂੰ ਰੋਕਿਆ ਜਾ ਸਕੇ।










GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648



# ਦੁਯੈ ਭਾਇ ਵਿਗੁਚੀਐ ਗਲਿਪਈਸੁ ਜਮ ਕੀ ਫਾਸੁ॥ ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥



ਕਰਨੈਲ ਸਿੰਘ ਟੋਰਾਂਟੋ
416-746-7642

ਦੁਯੈ ਭਾਇ ਵਿਗੁਚੀਐ ਗਲਿਪਈਸੁ ਜਮ ਕੀ ਫਾਸੁ॥ ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥ (ਪੰਨਾ ੧੩੪)

ਅਰਥ: ਦਵੈਤ ਭਾਵਨਾ ਦਾ ਪਰਚਾਰ ਕਰਨ ਵਾਲਾ ਵਿਗੁਚੀਐ ਖਰਾਬ ਹੁੰਦਾ ਹੈ ਅੰਤ ਨੂੰ ਉਸਦੇ ਗਲ ਵਿਚ ਜਮਾਂ ਦੀ ਫਾਂਸੀ ਪਵੇਗੀ। ਉਹ ਗੁਰਮੁਖਿ ਪਿਆਰੇ ਪਰਚਾਰਕ ਜਿਹੜੇ ਕਹਿੰਦੇ ਹਨ ਕਿ ਸਿੱਖ ਜਗਤ ਦਾ ਨਰਕ ਸੁਰਗ ਨਾਲ ਕੋਈ ਸਬੰਧ ਨਹੀਂ, ਅਗਲੀ ਪੰਗਤੀ ਸ੍ਰਵਣ ਕਰੋ ਜੀ। ਜੇਹੋ ਜਿਹਾ ਕੋਈ ਬੀਜ ਬੀਜਦਾ ਹੈ, ਉਹੋ ਜਿਹਾ ਹੀ ਫਲ ਕੱਟਦਾ ਹੈ, ਜਿਹੋ ਜਿਹਾ ਕਰਮ ਧਰਮ ਕਰੇਗਾ ਪਾਪ ਜਾਂ ਪੁਨੁ! ਪੁੰਨ ਵਾਲੇ ਨੂੰ ਸੁਖਾਂ ਦੀ ਪ੍ਰਾਪਤੀ ਹੋਵੇਗੀ ਪਾਪ ਕਰਮ ਦਾ ਫਲ ਜਮਾਂ ਦੀ ਮਾਰ ਕਦੇ ਨਰਕਾਂ ਵਿਚ ਕਦੇ ਜੂਨੀਆਂ ਵਿਚ ਭਾਉਂਦਾ ਫਿਰਦਾ ਹੈ। ਅੱਜ ਤੱਕ ਕੋਈ ਐਸਾ ਧਰਮ ਨਹੀਂ ਬਣਿਆ ਜਿਹੜਾ ਦਾਖਲਾ ਦੇ ਕੇ ਕਰਮਾਂ ਦਾ ਲੇਖਾ ਫਾੜ ਦੇਵੇ, ਗੁਰੂ ਦੀ ਕਸਵੱਟੀ 'ਤੇ ਪੂਰਾ ਉਤਰੇਗਾ ਤਾਂ ਨਰਕ ਅਤੇ ਸੁਰਗ ਦੋਹਾਂ ਤੋਂ ਉਚਾ ਉਠ ਜਾਏਗਾ।

ਯਥਾ = ਆਪੇ ਬੀਜਿ ਆਪੇ ਹੀ ਖਾਹੁ॥
ਨਾਨਕ ਹੁਕਮੀ ਆਵਹੁ ਜਾਹੁ॥ ਪੰਨਾ ੪॥
ਰੈਣ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਰਾਸੁ॥
ਜਿਨ ਕੌ ਸਾਧੂ ਭੇਟੀਐ ਸੋ ਦਰਗਾਹ ਹੋਇ ਖਲਾਸੁ॥
(ਪੰਨਾਂ ੧੩੪)

ਅਰਥ: ਜਿਸ ਪੁਰਸ਼ ਦੀ ਅਵਸਥਾ ਰੂਪੀ ਰੈਣਿ = ਰਾਤ ਬੀਤ ਗਈ ਹੈ, ਸ਼ੁਭ ਕਰਮ ਨਹੀਂ ਕੀਤੇ ਗੁਰਮੁਖ = ਗੁਰਾਂ ਦੁਆਰਾ ਨਾਮੁ ਨਹੀਂ ਜਪਿਆ ਉਹ ਜੀਵ ਰੂਪ ਇਸਤ੍ਰੀ ਅੰਤ ਮਰਨ ਉਪਰੰਤ ਪਛਤਾਂਦੀ ਹੋਈ ਨਿਰਾਸ਼ ਚਲੀ ਗਈ। ਫਿਰਿ ਪਛਾਤਏ ਕਿਆ ਬਣੈ ਜਬ ਚਿੜੀਆ ਚੁਗਿਆ ਖੇਤ, ਜਿਨ੍ਹਾਂ ਪੁਰਸ਼ਾਂ ਨੂੰ ਪੂਰਨ ਸੰਤ ਮਿਲੇ ਹਨ, ਉਹ ਪ੍ਰਲੋਕ ਦਰਗਾਹ ਵਿਚ ਬੰਧਨਾਂ ਤੋਂ ਖਲਾਸੁ ਹੋ ਜਾਂਦਾ ਹੈ।

ਤਥਾ: ਲਬੁ ਲੋਭੁ ਜੇ ਕੂੜੁ ਕਮਾਵੈ॥
ਆਪਣਾ ਕੀਤਾ ਆਪੇ ਪਾਵੈ॥੧੭॥
(ਪੰਨਾਂ ੧੪੧੧)

ਅਰਥ: ਜੋ ਪੁਰਸ਼ ਲੋਭ ਕਰਕੇ ਝੂਠੀ ਕ੍ਰਿਆ ਕਰਕੇ ਧਨ ਇੱਕਠਾ ਕਰਦਾ ਹੈ ਉਹ ਆਪਣੇ ਕੀਤੇਕਰਮਾਂ ਦਾ ਫਲ ਆਪ ਹੀ ਪਾਂਦਾ ਹੈ। ਚੋਰਾਂ, ਯਾਰਾਂ, ਠੱਗਾਂ ਅਤੇ ਗੁਰੂ ਧ੍ਰੋਹੀਆਂ ਨੂੰ ਮਾਫ਼ ਨਹੀਂ ਕਰਦੇ।

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥
ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥ ੪੦॥
(ਪੰਨਾ ੧੪੧੭)

ਅਰਥ: ਲੋਭੀ ਪੁਰਸ਼ ਦਾ ਵੇਸਾਹੁ ਕਦੇ ਭੀ ਨਾ ਕਰੋ ਜਿੱਥੇ ਤੱਕ ਬਚਿਆ ਜਾਵੇ ਬਚਨ ਦੀ ਕੋਸ਼ਿਸ਼ ਕਰੋ। ਕਿਉਂਕਿ ਲੋਭੀ ਪੁਰਸ਼ ਅੰਤ ਸਮੇਂ ਤਿਸੁ ਜਗ੍ਹਾ ਧੁਹੈ = ਛਲੈਗਾ ਜਿਥੇ ਤੁਹਾਡਾ ਕਿਤੇ ਹੱਥ ਨਹੀਂ ਪਵੇਗਾ। ਜਿਥੇ ਤੁਹਾਡੀ ਕੋਈ ਸਹਾਇਤਾ ਨਹੀਂ ਕਰੇਗਾ, ਜਮਾਂ ਦੇ ਰਸਤੇ ਜਾਣਾ ਹੋਵੇਗਾ, ਜਿਥੇ ਕੋਈ ਸਬੰਧੀ ਆਦਿਕ ਨਹੀਂ ਆਏਗਾ।

ਸਲੋਕ ਵਾਰਾਂ ਤੇ ਵਧੀਕ ਮ: ੫ (ਪੰਨਾ ੧੪੨੫)
ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ॥੯॥

ਅਰਥ: ਜਿਹੜੇ ਪਾਪੀ ਪੁਰਸ਼ ਖੋਟੇ ਕਰਮ ਕਰਦੇ ਹਨ ਧਨ ਇੱਕਠਾ ਕਰਨ ਲਈ ਹਾਇ ਹਾਇ ਕਰਦੇ ਫਿਰਦੇ ਹਨ।

ਅਥਵਾ: ਜਮ ਪੁਰੀ ਦੇ ਰਸਤੇ ਪਰਲੋਕ ਜਾਂਦੇ ਸਮੇਂ ਦੁਖੀ ਹੋਕੇ ਹਾਇ ਹਾਇ ਪੁਕਾਰਦੇ ਹਨ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਵੇਂ ਮਧਾਣੀਆਂ ਚਾਟੀ ਵਿਚ ਪਾਇ ਦੁੱਧੁ ਦਹੀਂ ਨੂੰ ਮੱਥਨਿ = ਰਿੜਕਦੀਆਂ ਹਨ ਤਿਵੇਂ ਧਰਮ ਰਾਜਾ ਪਾਪੀ ਜੀਵਾਂ ਨੂੰ ਨਰਕਾਂ ਵਿਚ ਸ਼ਸਤਰਾਂ ਨਾਲ ਕੁੱਟ ਮਾਰਕੇ ਖ਼ੂਨ ਨਚੋੜਦਾ ਹੈ ਮਥਮਥ ਕੇ।

ਪੰਥ ਪ੍ਰੇਮ ਨ ਜਾਣਈ ਭੂਲੀ ਫਿਰੈ ਗਵਾਰਿ॥
ਨਾਨਕ ਹਰਿ ਬਿਸਰਾਇ ਕੈ ਪਉਦੇ ਨਰਕਿ ਅੰਧ੍ਯਾਰ॥੧੮॥
(ਪੰਨਾ ੧੪੨੫)

ਅਰਥ: ਜੋ ਵੀ ਜੀਵ ਰੂਪੀ ਇਸਤਰੀ ਪ੍ਰਭੂ ਦੇ ਪ੍ਰੇਮ ਦੇ ਰਸਤੇ ਭੁਲੀ ਫਿਰਦੀ ਹੈ ਉਹ ਗਵਾਰ ਮੂਰਖ ਹੈ। ਇਹ ਸੰਸਾਰੀ ਜੀਵ ਹਰੀ ਪ੍ਰਭੂ ਨੂੰ ਭੁਲਾ ਕੇ ਅੰਧੇ ਨਰਕ ਵਿਚ ਭਾਵ ਕੁੰਭੀ ਨਰਕ ਵਿਚ ਪੈਂਦੇ ਹਨ, ਜਿੱਥੇ ਅੰਧੇਰਾ ਹੀ ਅੰਧੇਰਾ ਹੈ ਕੁਝ ਨਹੀਂ ਦਿਸਦਾ।

ਨੋਟ: ਦਾਸ ਨੂੰ ਸੰਪੂਰਨ ਸ੍ਰੀ ਗੁਰੂ ਗ੍ਰੰਥ 'ਚੋਂ ਕੋਈ ਸ਼ਬਦ ਨਹੀਂ ਮਿਲਿਆ ਕਿ ਮੇਰੇ ਸਿੱਖਾਂ ਦਾ ਨਰਕਾਂ ਜਾਂ ਸ੍ਵਰਗ ਨਾਲ ਕੋਈ ਸਬੰਧ ਨਹੀਂ ਕਰਮਾਂ ਨਾਲ ਹੀ ਨਿਬੇੜਾ ਲਿਖਿਆ ਮਿਲਦਾ ਹੈ। ਸਮੂਹ ਸੰਸਾਰ ਦੇ ਮਨੁੱਖਾਂ ਦੇ ਲਈ ਇਕ ਹੁਕਮ ਹੈ ਕਿਸੇ ਧਰਮ ਲਈ ਅਲਹਿਦਾ ਅਲਹਿਦਾ ਨਹੀ ਹੈ, ਗੁਰਮੁਖ ਗੁਰਾਂ ਦੁਆਰਾ ਅਧਾਰ ਹੋਵੇਗਾ।

ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰ ਜਪੈਨੀ॥
ਗੁਰ ਸਤਿਗੁਰ ਪਾਰਬ੍ਰਹਮੁ ਕਰਿ ਪੂਜਹੁ ਨਿਤ ਸੇਵਹੁ ਦਿਨਸੁ ਸਭ ਰੈਨੀ॥
(ਪੰਨਾ ੮੦੦)

ਅਰਥ: ਬ੍ਰਾਹਮਣ, ਖੱਤਰੀ, ਵੈਸ਼ ਤੇ ਸੂਦਰ ਚਾਰ ਵਰਨ ਹਨ, ਚਾਰਾਂ ਵਰਨਾਂ 'ਚੋਂ ਕੋਈ ਵੀ ਹਰੀ ਦੇ ਨਾਮ ਨੂੰ ਜਪੇਗਾ ਗੁਰਮੰਤ੍ਰ ਦੁਆਰਾ ਉਹ ਤਰ ਜਾਏਗਾ।

ਆਪਣੇ ਗੁਰੂ ਸਤਿਗੁਰੂ ਨੂੰ ਪਾਰਬ੍ਰਹਮ ਦਾ ਰੂਪ ਜਾਣ ਕੇ ਪੂਜਾ ਸੇਵਾ ਕਰੋ ਦਿਨ ਰਾਤ॥ ਬਿਲਾਵਲੁ ਮਹਲਾ ੪ ( ਪੰਨਾ ੮੦੦)

ਤਥਾ: ਖੱਤਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ॥
ਗੁਰੁ ਨਾਨਕੁ ਉਪਦੇਸੁ ਕਹਤੁ ਹੈ ਜੋ ਸੁਨੈ ਸੋਪਾਰੁ ਪ੍ਰਾਨਥ॥
(ਪੰਨਾ ੧੦੦੧)

ਅਰਥ: ਖੱਤਰੀ, ਬ੍ਰਾਹਮਣ, ਵੈਸ਼, ਸ਼ੂਦਰ, ਇਕ ਪ੍ਰਮਾਤਮਾ ਦੇ ਨਾਲ-ਨਾਲ ਤਰਦੇ ਹਨ।

ਯਥਾ: ਖੱਤਰੀ ਬ੍ਰਾਹਮਣ ਸ਼ੂਦ ਵੈਸ਼ ਉਪਦੇਸ਼ ਚਹੁ ਵਰਨਾ ਕਉ ਸਾਂਝਾ॥
ਗੁਰਮੁਖਿ ਨਾਮੁ ਜਪੈ ਉਦਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥ ਚਹੁੰ ਵਰਨਾਂ ਨੂੰ ਸਾਂਝਾ ਉਪਦੇਸ਼ ਹੈ ਗੁਰੂ ਸਾਹਿਬ ਦਾ ਜੋ ਪੁਰਸ਼॥

ਅਰਥ: ਗੁਰਮੁਖਿ = ਮੁਖੀ ਗਰਾਂ ਦੁਆਰੇ ਨਾਮ ਜਪੇਗਾ, ਉਸ ਦਾ ਉਧਾਰ ਹੋਏਗਾ। ਗੱਲਾਂ ਬਾਤਾਂ ਨਾਲ ਨਹੀਂ।

ਪਉੜੀ। ਜੈਤਸਾਰੀ
ਜਿਸੁ ਬਿਸਰਤ ਤਨੁ ਭਸਮ ਹੋਇ ਕਹਤੇ ਸਭਿ ਪ੍ਰੇਤੁ॥ ਪੰਨਾ ੭੦੬
ਖਿਨੁ ਗ੍ਰਿਹਿ ਮਹਿ ਬਸਨ ਨ ਦੇਵਹੀ ਜਿਨ ਸਿਉ ਸੋਈ ਹੇਤੁ॥

ਅਰਥ: ਪਰਮੇਸ਼ਰ ਤੋਂ ਵਿਛੜਨ ਕਰਕੇ ਭਾਵ ਭੁਲਣ ਕਰਕੇ ਸ੍ਵਾਂਸਾਂ ਰੂਪੀ ਪੂੰਜੀ ਪੂਰੀ ਹੋਣ 'ਤੇ ਜੀਵ ਆਤਮਾ ਨਿਕਲ ਜਾਂਦਾ ਹੈ, ਸਰੀਰ ਸੁਆਹ ਹੋ ਜਾਂਦਾ ਹੈ, ਸਾਰੇ ਸਬੰਧੀ ਉਸ ਸਰੀਰ ਨੂੰ ਪ੍ਰੇਤ ਪ੍ਰੇਤ ਕਹਿਣ ਲੱਗੇ। ਜਿਨ੍ਹਾਂ ਸਬੰਧੀਆਂ ਨਾਲ ਹੁਣ ਹੇਤ = ਪ੍ਰੇਮ ਕਰਦਾ ਸੀ, ਉਹੀ ਸਬੰਧੀ ਇਸਤ੍ਰੀ, ਪੁੱਤਰ, ਧੀਆਂ ਆਦਿਕ ਇਕ ਛਿਨ ਭਰ ਘਰ ਵਿਚ ਵਸਨ = ਰਹਿਣ ਨਹੀਂ ਦਿੰਦੇ।

ਯਥਾ: ਆਧ ਘਰੀ ਕੋਊ ਨਹਿ ਰਾਖੈ ਘਰਿ ਤੇ ਦੇਤ ਨਿਕਾਰਿ॥
ਤਥਾ = ਕਰਿ ਅਨਰਥ ਦਰਬੁ ਸੰਚਿਆ ਸੋ ਕਾਰਜਿ ਕੇਤੁ॥
(ਪੰਨਾ ੫੩੬)
ਜੈਸਾ ਬੀਜੈ ਸੋ ਲੂਣੈ ਕਰਮ ਇਹੁ ਖੇਤੁ॥

ਅਰਥ: ਜਿਸ ਧਨ ਨੂੰ ਪਾਪ ਕਰਮਾਂ ਕਰਕੇ ਇਕੱਠਾ ਕੀਤਾ ਸੀ, ਉਹ ਧਨ ਅੰਤ ਨੂੰ ਕੇਤੁ=ਕਿਸੇ ਕੰਮ ਨਾ ਆਇਆ।

ਇਹ ਸਰੀਰ ਵਿਚ ਜੈਸਾ ਕੋਈ ਬੀਜਦਾ ਹੈ, ਉਹੋ ਜਿਹਾ ਹੀ ਲੂਣੈ = ਕਟਦਾ ਹੈ ਜੀਵ।

ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ॥੪॥
(ਪੰਨਾ ੭੦੬)

ਅਰਥ: ਜਿਨ੍ਹਾਂ ਅਕ੍ਰਿਤਘਣਾਂ ਨੂੰ ਹਰੀ ਭੁੱਲ ਗਿਆ ਹੈ, ਉਹੋ ਅਕ੍ਰਿਤਘਣ ਜੂਨੀਆਂ ਵਿਚ ਭਰਮੇਤ = ਭਰਮਦੇ ਘੁਮਦੇ ਫਿਰਦੇ ਹਨ।

ਪਉੜੀ॥
ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥
ਗ੍ਰਿਹਿ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥

ਪ੍ਰਮਾਤਮਾ ਦੀ ਕ੍ਰਿਪਾ ਕਰਕੇ ਸੁੰਦਰ ਸੇਜਾ ਉੱਪਰ ਅਨੇਕ ਸੁਖਾਂ ਨੂੰ ਭੋਗਦਾ ਹੈ, ਪੂਰੇ ਰਸ ਭੋਗਣ ਨੂੰ ਮਿਲੇ ਹਨ, ਪਦਾਰਥ ਆਦਿਕ ਅਤੇ ਸੋਨੇ ਦੇ ਸ਼ੋਭ ਨੀਕ ਘਰ ਵਿਚ ਮੋਤੀਆਂ ਹੀਰਿਆਂ ਦੀ ਜੜਤਕਾਰੀ ਕੀਤੀ ਹੈ ਚੰਦਨ ਆਦਿਕ ਦੀਆਂ ਸੁਗੰਧੀਆਂ ਦੀ ਸਪਰੇ ਕਰਕੇ ਆਨੰਦ ਪ੍ਰਾਪਤ ਕਰਦਾ ਹੈ।

ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥
ਸੋ ਪ੍ਰਭੂ ਚਿਤਿ ਨ ਆ ਵਈ ਵਿਸਟਾ ਕੇ ਕੀਰੇ॥
(ਪੰਨਾ ੭੦੭)

ਅਰਥ: ਮਨ ਦੀ ਇੱਛਾ ਅਨੁਸਾਰ ਸੁਖਾਂ ਨੂੰ ਭੋਗਦਾ ਹੈ, ਕੁਝ ਵੀ ਵਿਸੂਰੇ = ਝੋਰਾ ਨਹੀਂ ਹੈ। ਇਤਨੇ ਸੁਖਾਂ ਨੂੰ ਪਾਕੇ ਜੇਕਰਿ ਸੁਖਾਂ ਨੂੰ ਦੇਣ ਵਾਲੇ ਪ੍ਰਭੂ ਨੂੰ ਚੇਤੇ ਹੀ ਨਹੀਂ ਕੀਤਾ ਉਸਦਾ ਸ਼ੁਕਰ ਧੰਨਵਾਦ ਨਹੀਂ ਕੀਤਾ, ਤਾਂ ਗੰਦਗੀ ਦਾ ਕੀੜਾ ਬਣੇਗਾ ਮਰਕੇ, ਜਾਂ ਗੰਦਗੀ ਦੇ ਕੇੜੇ ਜੈਸਾ ਹੈ। ਅਕ੍ਰਿਤਘਣ ਹੈ।

ਬਿਨੁ ਹਰਿ ਨਾਮੁ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥੬॥

ਅਰਥ: ਹਰੀ ਦਾ ਨਾਮੁ ਜਪੇ ਬਿਨਾ ਮਨ ਨੂੰ ਸ਼ਾਂਤੀ ਨਹੀਂ ਮਿਲਦੀ, ਨਾਮੁ ਤੋਂ ਭੁੱਲ ਕੇ ਹੋਰ ਕਿਹੜੀ ਬਿਧੀ ਦੁਆਰਾ ਧੀਰਜ ਮਿਲੇਗਾ। ਭਾਵ = ਕਿਤੇ ਨਹੀਂ ਧੀਰਜ ਮਿਲੇਗਾ।

ਬਿਹਾਗੜਾ ਮਹਲਾ ੪॥ (ਪੰਨਾ ੫੪੦)

ਸਾ ਰਸਨਾ ਧਨੁ ਧਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥
ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ॥

ਅਰਥ: ਹੇ ਮੇਰੀ ਜਿੰਦੇ! ਉਹ ਜੀਭੋ ਧੰਨ ਧੰਨ ਹੈ, ਜੋ ਹਰਿ ਹਰਿ ਰਾਮ ਪ੍ਰਭੂ ਕੇਰੇ = ਦੇ ਗੁਣਾਂ ਨੂੰ ਗਾਉਂਦੀ ਹੈ।

ਹੇ ਮੇਰੀ ਜਿੰਦੇ = ਤੇਰੇ ਉਹ ਸਰਵਨ = ਕੰਨ ਭਲੇ ਹਨ ਸੋਭਨੀਕ ਹਨ ਜੋ ਹਰਿ ਹਰਿ ਨਾਮੁ ਦੇ ਕੀਰਤਨ ਨੂੰ ਸੁਣਦੇ ਹਨ।

ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ ਜੋ ਜਾਇ
ਲਗੈ ਗੁਰ ਪੈਰੇ ਰਾਮ॥ ਗੁਰ ਵਿਟਹੁ ਨਾਨਕ ਵਾਰਿਆ ਮੇਰੀ
ਜਿੰਦੁੜੀਏ ਜਿਨਿ ਹਰਿ ਹਰਿ ਨਾਮੁ ਚਿਤੇਰੇ ਰਾਮ॥੨॥
(ਪੰਨਾਂ ੫੪੦)

ਅਰਥ: ਹੇ ਮੇਰੀ ਜਿੰਦੇ = ਉਹ ਸਿਰ ਚੰਗਾ ਹੈ ਅਤੇ ਪਵਿਤ੍ਰ ਹੈ, ਜੋ ਰਾਮ ਸਰੂਪਗੁਰਾਂ ਦੇ ਚਰਨਾਂ ਵਿਚ ਲਗਦਾ ਹੈ। ਗੁਰੂ ਜੀ ਕਥਨ ਕਰਦੇ ਹਨ = ਹੇ ਮੇਰੀ ਜਿੰਦੇ ਮੈਂ ਆਪਣੇ ਗੁਰਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਗੁਰਾਂ ਹਰਿ ਹਰਿ ਭਾਵ ਹਰੀ ਦੇ ਨਾਮ ਨੂੰ ਯਾਦ ਕੀਤਾ ਹੈ। ਭਾਵ ਜਿਨ੍ਹਾਂ ਗੁਰਾਂ ਦੁਆਰੇ ਹਰਿ ਹਰਿ ਦੇ ਨਾਮ ਨੂੰ ਯਾਦ ਕੀਤਾ ਹੈ॥੨॥

ਤਥਾ: ਮੂਰਖਾ ਸਿਰਿ ਮੂਰਖ ਹੈ ਜੇ ਮੰਨੇ ਨਾਹੀ ਨਾਉ॥੨॥

ਗੁਰਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ॥

ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ ਜੋ ਸਾਧੂ ਸਤਿਗੁਰੁ ਦੇਖਹਿ ਰਾਮ॥

ਅਰਥ: ਉਹ ਅਖਾਂ ਚੰਗੀਆਂ ਹਨ ਜੋ ਰਮਾ ਦੇ ਸੰਤਾਂ ਨੂੰ ਦੇਖਦੀਆਂ ਹਨ ਤੇ ਹਸਤ ਪੁਲੀਤ ਪਵਿਤ੍ਰ ਹਹਿ ਮੇਰੇ ਜਿੰਦੜੀਏ ਜੋਹਰਿ ਜਸੁ ਹਰਿ ਹਰਿ ਲੇਖੇ ਰਾਮ॥

ਅਰਥ: ਹੇ ਮੇਰੀ ਜਿੰਦੜੀਏ = ਉਹ ਹੱਥ ਪਵਿਤ੍ਰ ਤੋਂ ਪਵਿਤ੍ਰ ਹਨ, ਜੋ ਰਾਮ ਦੇ ਜਸ ਨੂੰ ਲਿਖਦੇ ਹਨ।

ਤਿਸ ਜਨਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ ਜੋ ਮਾਰਗਿ ਧਰਮ ਚਲਹਿ ਸਹਿ ਰਾਮ॥

ਅਰਥ: ਉਸ ਪੁਰਸ਼ ਦੇ ਚਰਨ ਨਿਤ ਪੂਜਹੁ ਜੋ ਰਾਮ ਦੇ ਰਸਤੇ ਚਲਦੇ ਹਨ, ਚਲਹਿਸਹਿ ਰਾਮੁ॥

ਨਾਨਕੁ ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ ਹਰਿ ਸੁਣਿ ਹਰਿ ਨਾਮੁ ਮਨੇਸਹਿ ਰਾਮ॥੩॥
(ਪੰਨਾ ੫੪੦)

ਅਰਥ: ਗੁਰੂ ਜੀ ਕਥਨ ਕਰਦੇ ਹਨ - ਹੇ ਮੇਰੀ ਜਿੰਦੜੀਏ, ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ, ਜੋ ਹਰੀ ਦੇ ਨਾਮ ਨੂੰ ਸੁਣਦੇ ਹਨ ਅਤੇ ਹਰੀ ਨਾਮ ਨੂੰ ਮੰਨਣਾ ਕਰਦੇ ਹਨ॥੩॥

ਤਥਾ: ਪਉੜੀ = ਸਦ ਬਲਿਹਰੀ ਤਿਨਾ ਜੇ ਸੁਨਤੇ ਹਰਿ ਕਥਾ॥
ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ॥
ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ॥
ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ॥
ਸੰਤਾਂ ਸੰਗਿ ਉਧਾਰੁ ਸਗਲਾ ਦੁਖੁ ਲਥਾ॥੧੪॥
(ਪੰਨਾਂ ੭੦੯)

ਤਥਾ: ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ॥
ਸੀਤਲ ਥੀਵੈ ਨਾਨਕਾ ਜਪੰਦੜੋ ਹਰਿਨਾ-ਮੁ॥੨॥
(ਪੰਨਾ ੭੦੯)

ਮਾਰੂ ਮਹਲਾ ੫॥ (ਪੰਨਾ ੧੦੮੩)
ਦ੍ਰਿਸਟਿ ਮਾਨ ਹੈ ਸਗਲ ਮਿਥੇਨਾ॥ ਇਕ ਮਾਗਉ ਦਾਨੁ
ਗੋਬਿੰਦ ਸੰਤ ਰੇਨਾ॥ ਮਸਤਕਿ ਲਾਇ ਧਰਮ ਪਦੁ ਪਾਵਉ
ਜਿਸੁ ਪ੍ਰਾਪਤਿ ਸੋ ਪਾਵੈਗਾ॥੧੮॥

ਅਰਥ: ਦ੍ਰਿਸਟੀਮਾਨ ਭਾਵ ਅੱਖਾਂ ਨਾਲ ਦਿੱਸਣ ਵਾਲਾ ਜੋ ਭੀ ਪਦਾਰਥ ਹੈ ਉਹ ਸਭ ਮਿਥਿਆ ਹੈ। ਹੇ ਗੋਬਿੰਦ ਆਪ ਜੀ ਪਾਸੋਂ ਮੈਂ ਇਕ ਦਾਨ ਮੰਗਦਾ ਹਾਂ, ਆਪ ਮੈਨੂੰ ਸੰਤਾਂ ਦੇ ਚਰਨਾਂ ਦੀ ਧੂੜੀ ਦੇ ਦਿਓ ਜੀ। ਧੂੜੀ ਨੂੰ ਮੱਥੇ ਨਾਲ ਲਗਾਕੇ ਪਰਮ ਪਦੁ = ਉਤਮ ਪਦਵੀ ਪਾਵਾਂਗਾ, ਜਿਸ ਨੂੰ ਚਰਨ ਧੂੜੀ ਪ੍ਰਾਪਤ ਹੋਵੇਗੀ ਉਹੀ ਪੁਰਸ਼ ਆਪ ਜੀ ਨੂੰ ਪਾਵੇਗਾ॥੧੮॥

ਤਥਾ: ਦ੍ਰਿਸਟਿ ਮਾਨ ਹੈ ਸਗਲ ਬਿਨਾਸੀ ਇਕ ਸਾਧ ਬਚਨ ਆਗਾਧਾ॥੩॥
(ਪੰਨਾ ੧੨੦੪)

ਤਥਾ: ਭਾਈ ਸਾਹਿਬ ਜੀ ਨੇ ਸਭ ਤੀਰਥਾਂ ਨਾਲੋਂ ਚਰਨ ਧੂੜੀ ਨੂੰ ਉਚੀ ਕਿਹਾ ਹੈ।

ਸੁਰਸੁਰੀ ਸੁਰਸਤੀ ਜਮੁਨਾ ਗੋਦਾਵਰੀ ਗਇਆ ਪ੍ਰਾਗ ਸੇਤੁ ਕੁਰਖੇਤ ਮਾਨਸਰ ਹੈ।
ਕਾਂਸੀ ਕਾਂਤੀ ਦੁਆਰਾਵਤੀ ਮਾਇਆ ਮਥੁਰਾ ਅਜੁਧਿਆ ਗੋਮਤੀ ਆਵੰਤਕਾ ਕੇਦਾਰ ਹਿਮਧਰ ਹੈ।
ਨਰਬਦਾ ਬਿਬਿਧਿ ਬਨਦੇਵ ਸਥਲ ਕਵਲਾਸ ਨੀਲ ਮੰਦਰਾਚਲ ਸੁਮੇਰ ਗਿਰਵਰ ਹੈ।
ਤੀਰਥ ਅਰਥ ਸਤ ਦਇਆ ਧਰਮ ਸੰਤੋਖ ਸ੍ਰੀ ਗੁਰ ਚਰਨ ਰਜ ਤੁਲ ਨ ਸਗਰ ਹੈ॥੯॥

ਗਉੜੀ ਸੁਖਮਨੀ ਮ: ੫ ਪੰਨਾ ੨੭੪॥
ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਸਭ ਤੇ ਜਾਨੈ ਆਪਸ ਕਉ ਮੰਦਾ॥

ਅਰਥ: ਕਰਨ-ਕਨਾਂ ਨਾਲ ਕਿਸੇ ਦੀ ਨਿੰਦਿਆ ਨ ਸੁਣੇ ਅਤੇ ਆਪਣੇ ਆਪ ਨੂੰ ਸਭ ਤੋਂ ਮਾੜਾ=ਘਟੀਆ, ਕਮਜ਼ੋਰ, ਸਮਝੋ, ਇਹ ਗੁਰਮਤਿ ਦਾ ਅਸੂਲ ਹੈ ਅਤੇ ਈਰਖਾ ਨਾ ਕਰੋ ਨਿੰਦਿਆ ਨਾ ਕਰੋ।

ਤਥਾ: ਆਪਣੇ ਦਾਸ ਕਉ ਕੰਠਿ ਲਗਾਵੈ॥
ਨਿੰਦਕ ਕਉ ਅਗਨਿ ਮਹਿ ਪਾਵੈ॥
(ਪੰਨਾ ੧੧੩੮)
ਸਰਬ ਕੀ ਰੇਨ ਜਾਕਾਮਨੁ ਹੋਇ॥ ਕਹੁ ਨਾਨਕ ਤਾ ਕੀ ਨਿਰਮਲ ਸੋਇ॥੩॥
ਸਲੋਕੁ॥ ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ॥
ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ॥੧॥
(ਪੰਨਾਂ ੨੭੯)

ਗੁਰੂ ਜੀ ਕਥਨ ਕਰਦੇ ਹਨ - ਸੰਤਾਂ ਦੀ ਨਿੰਦਿਆ ਕਰਨ ਵਾਲਾ ਮੁੜ ਮੁੜ ਜੂਨੀਆਂ ਵਿਚ ਅਵਤਾਰ ਧਾਰਦਾ ਹੈ॥੧॥

ਤਥਾ: ਨਿੰਦਕੁ ਸੋਧਿ ਸਾਧਿ ਬੀਚਾਰਿਆ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥
(ਪੰਨਾ ੮੭੫)

ਵਾਰ ਮਾਝ ਕੀ ਮਹਲਾ ੧

ਮ: ੧॥ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥

ਗੁਰ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
(ਪੰਨਾ ੧੪੧)

ਅਰਥ: ਪਰਾਇਆ ਹੱਕ ਖਾਣਾ ਮੁਸਲਮਾਨ ਲਈ ਸੂਰ ਵਾਂਗ ਹੈ ਅਤੇ ਹਿੰਦੂ ਲਈ ਪਰਾਇਆ ਹੱਕ ਛਲ ਕੱਪਟ ਨਾਲ, ਪਰਾਇਆ ਹੱਕ ਆਪ ਖਾਣਾ ਗਊ ਦੇ ਮਾਸ ਸਮਾਨ ਹੈ। ਹਿੰਦੂਆਂ ਦੇ ਗੁਰੂ ਦੇਵ ਹਿੰਦੂ ਦੀ ਤਾਂ ਹੀ ਹਾਮੀ ਭਰਨਗੇ, ਜੇਕਰ ਬਿਗਾਨਾ ਹੱਕ ਧੰਨ ਦੌਲਤ ਮੁਰਦਾਰ ਨੂੰ ਨਾ ਖਾਵੇ ਅਤੇ ਮਰੇ ਹੋਇ ਪਸ਼ੂਆਂ ਦਾ ਮੁਰਦਾਰ ਮਾਸ ਨਾ ਖਾਵੇ ਅਤੇ ਮੁਸਲਮਾਨਾਂ ਦੇ ਪੀਰ ਮੁਸਲਮਾਨ ਪਰਾਇ ਹੱਕ ਰੂਪ ਮੁਰਦਾਰ ਨਾ ਖਾਣ ਵਾਲੇ ਦੀ ਹਾਮੀ ਭਰਨਗੇ।

ਧਰਮਸ਼ਾਲਾ ਦੀ ਝਾਕ ਰੱਖਣ ਵਾਲਾ ਦੁਖੀ ਹੁੰਦਾ ਹੈ

੧. ਖਰਾ ਦੁਹੇਲਾ ਜਗ ਵਿਚਿ ਜਿਸ ਅੰਦਰਿ ਝਾਕੁ॥
੨. ਸੋਇਨੇ ਨੋ ਹਥੁ ਪਾਇਦਾ ਹੁਇ ਵੰਞੇ ਖਾਕੁ॥
੩. ਇਠ ਮਿਤ ਪੁਤ ਭਾਇਰਾ ਵਿਹਰਨਿ ਸਭ ਸਾਕੁ॥
੪. ਸੋਗੁ ਵਿਜੋਗੁ ਸਰਾਪੁ ਹੈ ਦੁਰਮਤਿ ਨਾਪਾਕੁ॥
੭. ਵਤੈ ਮੁਤੜਿ ਰੰਨ ਜਿਉ ਦਰਿ ਮਿਲੈ ਤਲਾਕੁ॥
੬. ਦੁਖੁ ਭੁਖੁ ਦਾਲਿਦ ਘਦਾ ਦੋਜਕ ਅਉਤਾਕੁ॥੧੩॥
ਵਾਰ ੩੫-ਪਉੜੀ ੧੩॥

ਅਰਥ: ੧. ਜਿਸੁ ਮਨੁੱਖ ਵਿਚ ਆਪਣੀ ਕਮਾਈ ਛੱਡਕੇ ਧਰਮਸ਼ਾਲਾ ਦੇ ਪਦਾਰਥਾਂ ਦੀ ਝਾਕ ਹੈ। ਉਹ ਸੰਸਾਰ ਵਿਚ ਬਹੁਤ ਦੁਖੀ ਹੁੰਦਾ ਹੈ।

੨. ਅਗਰ ਉਹ ਸੋਨੇ ਨੂੰ ਹੱਥ ਪਾਉਂਦਾ ਹੈ ਤਾਂ ਉਹ ਸੁਆਹ ਹੋ ਜਾਂਦਾ ਹੈ।

੩. ਉਸ ਨੂੰ ਪਿਆਰੇ ਮਿੱਤਰ, ਪੁੱਤਰ ਅਤੇ ਭਰਾ ਆਦਿ ਸਬੰਧੀ ਗੁੱਸੇ ਨਾਲ ਵੇਖਦੇ ਹਨ।

੪. ਉਸ ਨੂੰ ਸੋਗ, ਵਿਜੋਗ ਦਾ ਸਰਾਪ ਲੱਗਾ ਰਹਿੰਦਾ ਹੈ ਉਹ ਖੋਟੀ ਮੱਤ ਕਰਕੇ ਸਦਾ ਅਪਵਿੱਤਰ ਰਹਿੰਦਾ ਹੈ। ਪਰ ਉਹ ਛੁੱਟੜ ਇਸਤ੍ਰੀ ਵਾਂਗੂ ਫਿਰੇਗਾ, ਉਸਨੂੰ ਪ੍ਰਭੂ ਦੀ ਦਰਗਾਹ ਵਿਚੋਂ ਤਲਾਕ ਧੱਕਾ ਮਿਲੇਗਾ।

੫. ਇਸ ਸੰਸਾਰ ਵਿਚ ਉਸ ਨੂੰ ਬਹੁਤ ਸਾਰਾ ਦੁਖ, ਭੁੱਖ ਤੇ ਦਲਿੱਦਰ ਮਿਲੇਗਾ ਅਤੇ ਨਰਕਾਂ ਵਿਚ ਵਾਸਾ ਮਿਲੇਗਾ॥੧੩॥
ਵਾਰ ੩੫-੧੩॥

ਸਿੱਖ ਧਰਮਸਾਲ ਦੀ ਝਾਕ ਨਾ ਰੱਖੇ।
ਵਾਰ ੩੫ ਪਉੜੀ ੧੨॥

੧. ਜਿਉ ਮਰਯਾਦਾ ਹਿੰਦੂਆਂ ਗਊ ਮਾਸੁ ਅਖਾਜੁ।
੨. ਮੁਸਲਮਾਨਾਂ ਸੂਰਹੁ ਸਉਗੰਦ ਵਿਆਜੁ।
੩. ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ।
੪. ਸਹਾਨ ਖਾਈ ਚੂਹੜਾ ਮਾਇਆ ਮੁਹਤਾਜੁ॥
੫. ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ।
੬. ਤਿਉ ਧਰਮਸਾਲ ਕੀ ਝਾਕ ਹੈ ਵਿਹੁ ਖੰਡੂ ਪਾਜੁ॥੧੨॥ ਵਾਰ ੩੫ ਪਉੜੀ ੧੨॥

ਅਰਥ: ੧. ਜਿਵੇਂ ਹਿੰਦੂਆਂ ਦੀ ਮਰਿਯਾਦਾ ਹੈ ਕੇ ਗਊ ਦਾ ਮਾਸ ਅਖਾਜੁ ਹਰਾਮ ਹੈ।

੨. ਮੁਸਲਮਾਨ ਲਈ ਸੂਰ ਦਾ ਮਾਸ ਤੇ ਵਿਆਜ ਲੈਣ ਦੀ ਸੌਂਹ ਹੈ ਮੁਸਲਮਾਨ ਸੂਰ ਦੇ ਮਾਸ ਨੂੰ ਅਤੇ ਵਿਆਜ ਨੂੰ ਖਾਣ ਨੂੰ ਹਰਾਮ ਬਰਾਬਰ ਸਮਝਦਾ ਹੈ।

੩. ਜਵਾਈ ਦੇ ਘਰ ਦਾ ਪਾਣੀ ਸਹੁਰੇ ਲਈ ਸ਼ਰਾਬ ਦੇ ਬਰਾਬਰ ਹੈ।

੪. ਚੂਹੜਾ ਭਾਵੇਂ ਮਾਇਆ ਦਾ ਕਿੰਨਾ ਲੋੜ ਬੰਦ ਹੋਵੇ, ਸਹੇ ਦਾ ਮਾਸ ਨਹੀਂ ਖਾਂਦਾ।

੫. ਜਿਵੇਂ ਸ਼ਹਿਦ ਉਤੇ ਮੱਖੀ ਮੋਹਿਤ ਹੁੰਦੀ ਹੈ ਉਸ ਦਾ ਨਾਸ ਹੋ ਜਾਂਦਾ ਹੈ।

੬. ਇਸੇ ਤਰ੍ਹਾਂ ਸਿੱਖ ਲਈ ਧਰਮਸਾਲਾ ਦੀ ਝਾਕ ਰੱਖਣੀ ਖੰਡ ਵਿਚ ਜ਼ਹਿਰ ਵਾਂਗੂ ਖ਼ਤਰਨਾਕ ਹੈ ਭਾਵ-ਭਾਈ ਸਾਹਿਬ ਕਹਿੰਦੇ ਹਨ ਕਿ ਸਿੱਖ ਧਰਮ ਸਾਲ ਦੇ ਪਦਾਰਥਾਂ ਵੱਲ ਨਾ ਵੇਖੇ, ਧਰਮ ਦੀ ਕ੍ਰਿਤ ਕਰੇ ਅਤੇ ਦਾਨ ਦੇਵੇ॥੧੨॥

ਤਥਾ: ਸ੍ਰੀ ਗੁਰੂ ਗੋਬਿੰਦ ਸਿੰਘ ਨੇ ਆਨੰਦਪੁਰ ਨੂੰ ਛੱਡਣ ਸਮੇਂ ਅਠਾਰਾਂ ਕਰੋੜ ਦੀ ਕੀਮਤ ਦਾ ਸਾਮਾਨ ਹੀਰੇ ਮੋਤੀ ਜਵਾਹਰਾਤ ਨਕਦੀ ਸੋਨਾ ਚਾਂਦੀ ਸਤਲੁਜ ਦਰਿਆ ਵਿਚ ਪੰਡਾਂ ਬੰਨ੍ਹਕੇ ਆਪ ਪਾਸ ਖੜ ਕੇ ਸਤਲੁਜ ਦਰਿਆ ਵਿਚ ਸੁਟਵਾਈ ਸੀ, ਮਾਤਾ ਗੁਜਰੀ ਕਹਿਣ ਲੱਗੇ ਏਥੇ ਕਿਉਂ ਰੋੜਦੇ ਹੋ ਕ੍ਰੋੜਾਂ ਰੁਪਿਆਂ ਦਾ ਮਾਲ ਸਿੰਘਾਂ ਨੂੰ ਦੇ ਦਿਓ ਆਪਣੇ ਪਰਵਾਰਾਂ ਨੂੰ ਖਵਾਣਗੇ ਅਤੇ ਖੁਸ਼ ਹੋ ਕੇ ਵੈਰੀਆਂ ਨਾਲ ਜੰਗ-ਯੁੱਧ ਕਰਨਗੇ। ਚੋਜ਼ੀ ਪ੍ਰੀਤਮ ਗੁਰੂ ਜੀ ਕਹਿਣ ਲੱਗੇ ਮਾਤਾ ਜੀ ਤੁਸੀਂ ਮੈਨੂੰ ਦੋ ਰੋਟੀਆਂ ਵਿਚ ਮੁਹਰਾ = ਜ਼ਹਿਰ ਪਾਕੇ ਦਿਉ ਮਾਤਾ ਜੀ ਕਿਹਾ ਐਸਾ ਨਹੀਂ ਹੋ ਸਕਦਾ ਕਿਸੇ ਮਾਂ ਪਾਸੋਂ ਗੁਰੂ ਜੀ ਕਿਹਾ ਮਾਤਾ ਜੀ ਜੇ ਕਰ ਆਪ ਮੈਨੂੰ ਜ਼ਹਿਰ ਨਹੀਂ ਦੇ ਸਕਦੇ ਤਾਂ ਮੈਂ ਆਪਣੇ ਪੁੱਤਰਾਂ ਭਾਵ ਖਾਲਸੇ ਨੂੰ ਜ਼ਹਿਰ ਨਹੀਂ ਦੇ ਸਕਦਾ! ਅਤੇ ਇਨ੍ਹਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਛੱਤਰੀ ਬਣਾਇਆ ਹੈ, ਹੁਣ ਪੂਜਾ ਦਾ ਧਾਨ ਖਵਾਕੇ ਦਲਿਦਰੀ ਕਿਵੇਂ ਬਣਾਵਾਂ। ਗੁਰਾਂ ਕਿਹਾ ਮਾਤਾ ਜੀ ਬਿਨਾ ਸੇਵਾ ਦੇ ਇਹ ਧਨ ਨਹੀਂ ਪਚੇਗਾ, ਸੇਵਾ ਕਰਦੇ ਸੀ ਲੰਗਰ ਪਾਣੀ ਦੀ ਅਤੇ ਜੰਗ ਯੁੱਧ ਲੜਦੇ ਸੀ ਤਾਂ ਪਚਾਂਦੇ ਸੀ, ਘਰੀਂ ਜਾਕੇ ਬਿਨਾ ਸੇਵਾ ਦੇ ਜ਼ਹਿਰ=ਮੁਹਰਾ ਰੋਗੀ ਕਰ ਦੇਵੇਗਾ, ਮੈਂ ਆਪਣੇ ਪਿਆਰੇ ਖਾਲਸੇ ਦੀਆਂ ਚੜ੍ਹਦੀਆਂ ਕਲਾਂ ਦੇਖਣਾ ਚਾਹੁੰਦਾ ਹਾਂ ਨਾ ਕੇ ਰੋਗੀ। ਪਰ ਅੱਜਕੱਲ੍ਹ ਤਾਂ ਖਾਲਸਾ ਇਸ ਤੋਂ ਉਲਟ ਚਲਦਾ ਹੈ ਮੈਂ ਜ਼ਿਆਦਾ ਨਹੀਂ ਲਿਖਣਾ ਚਾਹੁੰਦਾ।

ਮਹਲਾ ੩॥
ਸਤਿਗੁਰ ਕਾ ਭਉ ਛੋਡਿਆ ਮਨਹਠਿ ਕੰਮੁ ਨ ਆਵੈ ਰਾਸਿ॥
ਜਮ ਪੁਰਿ ਬਧੇ ਮਾਰੀਅਹਿ ਕੋ ਨ ਸੁਣੇ ਅਰਦਾਸਿ॥
(ਪੰਨਾ ੫੯੬)

ਅਰਥ: ਜਿਨ੍ਹਾਂ ਨੇ ਸਤਿਗੁਰਾਂ ਦਾ ਭਉ-ਡਰ ਧਾਰਨਾ ਛੱਡ ਦਿੱਤਾ ਹੈ, ਉਨ੍ਹਾਂ ਮਨ ਹਠੀਆਂ ਦਾ ਕੋਈ ਕੰਮ ਰਾਸ ਨਹੀਂ ਆਵੇਗਾ। ਉਹ ਜਮਪੁਰੀ ਵਿਚ ਬੱਧੇ ਹੋਏ ਜਾਂਦੇ ਹਨ, ਉਨ੍ਹਾਂ ਦੀ ਕਿਤੇ ਪੁਕਾਰ ਨਹੀਂ ਸੁਣੀ ਜਾਂਦੀ।

ਤਥਾ: ਫਰੀਦਾ ਜਿੰਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥
ਮਤੁ ਸਰਮਿੰਦਾ ਥੀਵਈ ਸਾਂਈ ਦੈ ਦਰਬ-ਗਰਿ॥੫੯॥
(ਪੰਨਾਂ ੧੩੮੧)

ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥੧॥
(ਪੰਨਾ ੧੨੪੫)

ਅਰਥ: ਚੰਗੀ ਅਕਲ ਨਾਲ ਪੜ੍ਹਕੇ ਸਮਝਣਾ ਹੈ ਅਤੇ ਅਕਲ ਨਾਲ ਦਾਨ ਪੁੰਨ ਕਰੀਦਾ ਹੈ ਗੁਰੂ ਜੀ ਕਥਨ ਕਰਦੇ ਹਨ: ਇਕ ਇਹ ਸਿੱਧਾ ਰਸਤਾ ਹੈ, ਹੋਰ ਗੱਲਾਂ ਸ਼ੈਤਾਨੀ ਦੀਆਂ ਹਨ।

ਰਾਗ ਭੈਰਉ ਮਹਲਾ ੩॥
ਦੈਤ ਪੁਤ ਪ੍ਰਹਿਲਾਦੁ ਗਾਇਤ੍ਰੀ ਤ੍ਰਪਣੁ ਕਿਛੂ ਨ ਜਾਣੈ ਸਬਦੇ ਮੇਲਿ ਮੇਲਾਇਆ॥੧॥

ਭਾਵ = ਹਰਨਾਖਸ਼ ਦੈਂਤ ਦਾ ਪੁੱਤਰ ਪ੍ਰਹਿਲਾਦ, ਗਾਇਤ੍ਰੀ ਮੰਤਰ ਅਤੇ ਤਰਪਣ ਆਦਿਕ ਕੁਛ ਕਰਮ ਕਰਨੇ ਨਹੀਂ ਜਾਣਦਾ ਸੀ, ਪਰ ਗੁਰਾਂ ਦਾ ਸਬਦ ਪ੍ਰਾਪਤ ਹੋਣ ਕਰਕੇ ਪ੍ਰਭੂ ਦੇ ਨਾਲ ਮਿਲ ਗਿਆ॥ ਰਹਾਉ॥

ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ ਬਿਰਥਾ ਜਨਮੁ ਗਵਾਇਆ॥
ਸੰਤ ਜਨਾ ਕੀ ਨਿੰਦਾ ਕਰਹਿ ਦੁਸਟੁ ਦੈਤੁ ਚਿੜਾਇਆ॥੩॥
(ਪੰਨਾ ੧੧੩੩)

ਅਰਥ: ਮੂਰਖ ਪੁਰਸ਼ ਦੁਬਿਧਾ ਸਬੰਧੀ ਗ੍ਰੰਥਾਂ ਨੂੰ ਪੜ੍ਹਦੇ ਹਨ, ਮੂਲ = ਮੁੱਢ ਰੂਪ ਪਰਮਾਤਮਾ ਨੂੰ ਨਹੀਂ ਪਛਾਣਦੇ, ਆਪਣੇ ਅਮੋਲਕ ਜਨਮ ਨੂੰ ਵਿਅਰਥ ਗੁਆ ਲਿਆ ਹੈ। ਮੂਰਖ ਪੁਰਸ਼ ਹੀ ਸੰਤਾਂ ਦੀ ਨਿੰਦਾ ਕਰਦਾ ਹੈ, ਜਿਵੇਂ ਸੰਡੇ ਮਰਕੇ ਨੇ ਪ੍ਰਹਿਲਾਦ ਦੀ ਨਿੰਦਿਆ ਕੀਤੀ ਦੁਸ਼ਟ ਦੈਂਤ ਜੋ ਹਰਨਾਖਸ਼ ਹੈ, ਉਸਨੂੰ ਚਿੜਾਇਆ = ਖਿਝਾਇਆ ਭਾਵ ਪ੍ਰਹਿਲਾਦ ਦੇ ਖਿਲਾਫ ਬੋਲਕੇ ਕਰੋਪੀ ਕਰ ਦਿੱਤਾ॥੩॥

ਜਿਥੈ ਅਉਘਟੁ ਆਇ ਬਨਤੁ ਹੈ ਪ੍ਰਾਣੀ॥
ਤਿਥੈ ਹਰਿ ਧਿਆਈਐ ਸਾਰਿੰਗਪਾਣੀ॥
ਜਿਥੈ ਪੁਤ੍ਰ ਕਲਤ੍ਰ ਨ ਬੇਲੀ ਕੋਈ ਤਿਥੈ ਹਰਿ ਆਪਿ ਛਡਾਇਦਾ॥੧੧॥
(ਪੰਨਾ ੧੦੭੬)

ਅਰਥ:- ਪ੍ਰਾਣੀ ਨੂੰ ਜਿਥੇ ਕੋਈ ਅਉਘਟ = ਮੁਸ਼ਕਲ ਬਣਦੀ ਹੈ।

ਉਥੇ ਸਾਰਿੰਗ ਪਾਣੀ - ਪਰਮਾਤਮਾ ਨੂੰ ਧਿਆਈਦਾ ਹੈ।

ਜਿਥੇ ਕੋਈ ਕਲਤ੍ਰ = ਇਸਤ੍ਰੀ ਪੁੱਤਰ ਬੇਲੀ = ਸਹਾਇਤਾ ਨਹੀਂ ਕਰਦੇ, ਉਥੇ ਹਰੀ ਆਪ ਆ ਕੇ ਛੁਡਾਂਦਾ ਹੈ ਨਾਮ ਦੇ ਰਸੀਏ ਭਗਤਾਂ ਨੂੰ,

ਰਾਗੁ ਮਾਰੂ ਰਵਿਦਾਸ ਜੀ
ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ॥
ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ॥੨॥
(ਪੰਨਾਂ ੧੧੦੬)

ਅਰਥ: ਨਾਨਾ ਖਿਆਨ = ਅਨੇਕਾਂ ਪ੍ਰਸੰਗ ਅਤੇ ਬਿਧਿ = ਵਿਧੀਆਂ ਚਉਤੀਸ ਅਛਰ = ੩੪ ਅੱਖਰ। ਮਹਾਂਭਾਰਤ, ਗ੍ਰੰਥ ਅਤੇ ਅਠਾਰਾਂ ਪੁਰਾਣ ਅਤੇ ਵੇਦ ਦੀਆਂ ਵਿਧੀਆਂ, ਇਹ ਸਭ ਚੌਂਤੀ ਅੱਖਰਾਂ ਵਿਚ ਹਨ। ਇਨ੍ਹਾਂ ਸਾਰਿਆਂ ਗ੍ਰੰਥਾਂ ਨੂੰ ਵੀਚਾਰਕੇ ਬਿਆਸ ਭਗਵਾਨ ਨੇ ਏਹੋ ਪਰਮ ਅਰਥੁ = ਸਿਧਾਂਤ ਕਿਹਾ ਹੈ, ਕਿ ਰਾਮ ਨਾਮ ਦੇ ਸਰ = ਬਰਾਬਰ ਹੋਰ ਕੋਈ ਸਾਧਨ ਨਹੀਂ ਹੈ॥੨॥

ਤਥਾ = ਨਾਮੁ ਤੁਲਿ ਕਛੁ ਅਵਰੁ ਨ ਹੋਇ॥
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥੮॥
(ਪੰਨਾ ੨੬੫)

ਸਲੋਕੁ॥ ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥੧॥
(ਪੰਨਾ ੨੬੫)

ਯਥਾ: ਜੈਸੇ ਅਠਸਠਿ ਤੀਰਥ ਪਰਸ ਕੀਓ ਜੁਗ ਚਾਰਿ ਚੜਿਓ ਕੈਲਾ, ਰਹਿਓ।

ਜੈਸੇ ਲਾਖ ਬਾਰ ਕੁਰਛੇਤਰ ਮੇਂ, ਅਸਮੇਧ ਜਗ ਅਭੰਗ ਠਹਿਉ।
ਜੈਸੇ ਕੋਟ ਬਰਸ ਤਪ ਉਰਧ ਮੁਖੀ, ਬੈਸੰਤਰ ਮੈ ਤਨ ਦਾਹ ਦਇਓ।
ਫੁਨਿ ਅੰਮ੍ਰਿਤ ਨਾਮ ਵਿਸ਼ੇਸ਼ ਇਤੀ, ਜਿਨ ਏਕ ਬਾਰ ਸ੍ਰੀ ਵਾਹਿਗੁਰੂ ਕਹਿਓ।
ਭਾ.ਸਾ. ਗੁ.ਜੀ.

ਸਲੋਕ ਸਰਸਕ੍ਰਿਤੀ ਮਹਲਾ ੫॥

ਤਿਲਕ ਹੀਣੰ ਜਥਾ ਬਿਪ੍ਰਾ ਅਮਰ ਹੀਣੰ ਜਥਾ ਰਾਜਨਹ॥
ਆਵਧ ਹੀਣੰ ਜਥਾ ਸੂਰਾ ਨਾਨਕ ਧਰਮ ਹੀਣੰ ਤਥਾ ਬੈਸ੍ਨਵਹ॥੫॥
(ਪੰਨਾ ੧੩੫੯)

ਅਰਥ: ਜਥਾ ਬਿਪ੍ਰਾ = ਜਿਸ ਤਰ੍ਹਾਂ ਬ੍ਰਾਹਮਣ ਤਿਲਕ ਤੋਂ ਹੀਣੰ = ਬਿਨਾ ਸ਼ੋਭਾ ਨਹੀਂ ਪਾਉਂਦਾ ਅਤੇ ਜਥਾ ਰਾਜਨਹ = ਜਿਸ ਤਰ੍ਹਾਂ ਰਾਜਾ ਅਮਰ = ਹੁਕਮ ਤੋਂ ਬਿਨਾਂ ਸ਼ੋਭਾ ਨਹੀਂ ਪਾਂਵਦਾ।

ਜਥਾ ਸੂਰਾ ਜਿਸ ਤਰ੍ਹਾਂ ਸੂਰਬੀਰ ਪੁਰਸ਼ ਆਵਧ ਸ਼ਸਤ੍ਰ ਤੋਂ ਬਿਨਾ ਸ਼ੋਭਾ ਨਹੀਂ ਪਾਂਵਦਾ। ਗੁਰੂ ਜੀ ਕਥਨ ਕਰਦੇ ਹਨ - ਇਸੇ ਤਰ੍ਹਾਂ ਸ੍ਵੈ ਧਰਮ ਤੋਂ ਬਿਨਾਂ ਵੈਸ਼ਨਵ = ਭਗਤੀ ਕਰਨ ਵਾਲਾ ਸ਼ੋਭਾ ਦਾ ਅਧਕਾਰੀ ਨਹੀਂ।

ਮੋਖਯਾ ਪਰਮ ਪਦਵੀ ਯਾ ਪਰਮਾਨੰਦ ਪ੍ਰਾਪਤੀ ਦੇ ਚਾਰ ਦੁਆਰਪਾਲ ਹਨ।

ਸਮ, ਸੰਤੋਖ, ਵੀਚਾਰ, ਸਤਸੰਗ

੧. ਸਮ = ਮਨ ਦੀ ਇਕਾਗਰਤਾ ਅੰਤਰ ਮੁਖਤਾ ਦਾ ਨਾਮੁ ਹੈ।

੨. ਸੰਤੋਖ = ਜੋ ਕਿਛ ਪਰਾਰਭਦ ਅਨੁਸਾਰ ਪ੍ਰਾਪਤ ਹੋਵੇ।

੩. ਵੀਚਾਰ = ਵੀਚਾਰ ਕਹਿੰਦੇ ਹਨ ਗਿਆਨ ਨੂੰ ਇਨਸਾਨ ਦੋ ਚੀਜ਼ੋ ਦਾ ਬਣਿਆ ਹੈ, ਜਿਸਮ ਅਤੇ ਰੂਹ ਭਾਵ ਸਰੀਰ ਅਤੇ ਰੂਹ = ਜੀਵ ਆਤਮਾ। ਜੀਵ ਆਤਮਾ ਸਤਚਿਤ ਆਨੰਦ ਹੈ, ਜਿਸ ਦਾ ਸਰੂਪ ਅਸਤਿ ਜੜ੍ਹ ਰੂਪ ਹੈ।

੪. ਸਤਸੰਗ = ਕਹਿੰਦੇ ਹਨ ਬ੍ਰਹਮ ਗਿਆਨੀ ਮਹਾਂਪੁਰਸ਼ੋਂ ਕੀ ਸੰਗਤਿ ਕੋ ਜਾਂ ਉਨ੍ਹਾ ਦੇ ਪ੍ਰਬਚਨ ਪੜ੍ਹਨੇ ਸੁਣਨੇ ਸੇ ਸਤਿ ਆਤਮਾ ਸੇ ਬਿਰਤੀ ਲੀਨ ਕਰਨਾ ਹੈ।

ਤਥਾ: ਸਤ ਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁ੦ਰਿ ਦੀਆ ਬੁਝਾਇ ਜੀਉ॥
(ਪੰਨਾ ੭੨)

ਯਥਾ: ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥
ਨਾਨਕ ਬ੍ਰਹਮਗਿਆਨੀ ਆਪਿ ਪਰਮੇਸੁਰ
(ਪੰਨਾ ੨੭੩)

ਯਥਾ: ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥
ਨਾਨਕ ਗੁਰਮੁਖਿ ਸਾਚਿ ਸਮਾਵੈ॥੨੭॥
(ਪੰਨਾ ੯੪੧)

(ਕਬਿਤ) ਭਾਈ ਗੁਰਦਾਸ ਜੀ
(ਪੰਨਾ ੨੬੩)

ਪੂਛਤ ਪਥਿਕ, ਤਿਹ ਮਾਰਗਿਨ ਧਾਰੈ ਪਗ,
ਪ੍ਰੀਤਮ ਕੈ ਦੇਸ ਕੈਸੇ ਬਾਤਨ ਕੇ ਜਾਈਐ।
ਪੂਛਤ ਹੈ ਬੈਦ, ਖਾਤ ਅਉਖਦ ਨਾ ਸੰਜਮ ਸੇ,
ਕੈਸੇ ਮਿਟੇ ਰੋਗ, ਸੁਖ ਸਹਜਿ ਸਮਾਈਐ।

ਪੂਛਤ ਸੁਹਾਗਨਿ, ਕਰਮ ਹੈ ਦੁਹਾਗਣਿ ਕੈ,


ਰਿਦੈ ਬਿਭਚਾਰ, ਕਤ ਸਿਹਜਾ ਬੁਲਾਈਐ।

ਗਾਏ ਸੁਨੈ, ਆਂਖੈ ਮੀਚੈ, ਪਾਈਐ ਨ ਪਰਮਪਦੁ,
ਗੁਰ ਉਪਦੇਸੁ ਗਹਿ ਜੌ ਲੌ ਨ ਕਮਾਈਐ।

ਅਰਥ: ੧. ਜਿਵੇਂ ਕੋਈ ਰਾਹੀ (ਰਾਹੁ) ਪੁਛਦਾ ਹੈ ਪਰ ਦਸੇ ਹੋਏ ਰਾਹੁ 'ਤੇ ਤੁਰਦਾ ਨਹੀਂ ਫੇਰ ਪ੍ਰੀਤਮ ਦੇ ਦੇਸ ਗੱਲਾਂ ਬਾਤਾਂ ਨਾਲ ਨਹੀਂ ਜਾ ਸਕੇਗਾ

੨. ਜਿਵੇਂ ਵੈਦ ਨੂੰ ਦਵਾਈ ਪੁਛਦਾ ਹੈ ਪਰ ਪੂਰੇ ਪਰਹੇਜ਼ ਨਾਲ ਖਾਂਦਾ ਨਹੀਂ, ਰੋਗ ਮਿਟ ਨਹੀਂ ਸਕਦਾ ਸੁੱਖ ਨਹੀਂ ਮਿਲੇਗਾ।

੩. ਇਕ ਇਸਤ੍ਰੀ ਸੁਹਾਗਨੀ ਇਸਤ੍ਰੀ ਨੂੰ ਸੁਹਾਗਨ ਵਾਲੇ ਗੁਣ ਪੁਛਦੀ ਹੈ, ਪਰ ਕਰਮ ਦੁਹਾਗਣੀ ਵਾਲੇ ਕਰਦੀ ਹੈ, ਭਾਵ ਇਕ ਪੁਰਸ਼ ਗੁਰਸਿੱਖੀ ਦੇ ਕਰਮ ਪੁਛਦਾ ਹੈ ਪਰ ਕਰਮ ਮਨਮੁਖਾਂ ਵਾਲੇ ਕਰਦਾ ਹੈ, ਉਸਨੂੰ ਆਤਮ ਗਿਆਨ ਆਤਮ ਸੁਖ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ।





## ਗੁਰਦੁਆਰਾ ਨਾਨਕਸਰ, ਜ਼ਿਲ੍ਹਾ ਝੰਗ

ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦਾ ਇਹ ਪਾਵਨ ਅਸਥਾਨ ਝੰਗ ਸ਼ਹਿਰ ਤੋਂ ਬਾਹਰ ਟੋਬਾ ਰੋਡ ਉੱਤੇ ਹੈ। ਇਸ ਅਸਥਾਨ ਤੱਕ ਅੱਪੜਨ ਵਾਸਤੇ ਝੰਗ ਸ਼ਹਿਰ ਤੋਂ ਬੱਸਾਂ ਤੇ ਵੈਗਨਾਂ ਆਮ ਮਿਲ ਜਾਂਦੀਆਂ ਹਨ। ਇਸ ਦਾ ਬਸ ਸਟਾਪ ਬਾਗਾਂ ਵਾਲੀ ਤੋਂ ਅਗਲੀ ਪੁਲੀ ਹੈ। ਇਸ ਪਲੀ ਤੇ ਉੱਤਰ ਕੇ ਨਹਿਰ ਦੇ ਨਾਲ ਨਾਲ ਜਿਧਰੋਂ ਪਾਣੀ ਆ ਰਿਹਾ ਹੈ, ਕੋਈ ਦੋ ਕਿਲੋਮੀਟਰ ਪੈਦਲ ਰਾਹ ਹੈ। ਜਿਸ ਟਿੱਬੇ ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਬਿਰਾਜੇ ਸਨ। ਉੱਥੇ ਮਗਰੋਂ ਸ਼ਰਧਾਲੂਆਂ ਨੇ ਗੁਰਦੁਆਰਾ ਸਾਹਿਬ ਉਸਾਰ ਲਿਆ। ਇਸ ਅਸਥਾਨ ਨੂੰ ਨਾਨਕ ਸਰ ਆਖਿਆ ਜਾਦਾ ਹੈ। ਪਿੰਡ ਦਾ ਨਾਂ ਵੀ ਇਹੀ ਹੈ। ਇਸ ਗੁਰਦੁਆਰੇ ਅੰਦਰ ਪ੍ਰਾਇਮਰੀ ਸਕੂਲ ਹੈ। ਲੰਗਰ ਹਾਲ, ਯਾਤਰੀਆਂ ਦੇ ਠਹਿਰਨ ਵਾਸਤੇ ਕਮਰਿਆਂ ਤੇ ਦੂਜੀਆਂ ਇਮਾਰਤਾਂ ਵਿੱਚ ਜਲੰਧਰ, ਹੁਸ਼ਿਆਰਪੁਰ ਤੋਂ ਆਏ ਹੋਏ ਮੁਹਾਜਿਰ ਵਸੇ ਹੋਏ ਹਨ।

ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਸੁੰਦਰ ਤੇ ਵਿਸ਼ਾਲ ਹੈ। ਇਸ ਦੀ ਸੱਜੀ ਬਾਹੀ ਤੇ ਸੁੰਦਰ ਸਰੋਵਰ ਹੈ। ਮਹਿਕਮਾ ਔਕਾਫ਼ ਵੱਲੋਂ ਸੇਵਾ ਸੰਭਾਲ ਨਾਂ ਦੀ ਕੋਈ ਸ਼ੈ ਨਜ਼ਰ ਨਹੀਂ ਆਉਂਦੀ।

# ਭੜਕਾਊ ਗਾਇਕੀ ਨੇ ਕੁਰਾਹੇ ਪਾਏ ਨੌਜਵਾਨ

-ਬੇਅੰਤ ਬਾਜਵਾ

ਜੇ ਆਖੀਏ ਕਿ ਅਜੋਕੀ ਪੰਜਾਬੀ ਗਾਇਕੀ ਨੇ ਨੌਜਵਾਨ ਪੀੜ੍ਹੀ ਨੂੰ ਬਿਲਕੁਲ ਗੁੰਮਰਾਹ ਕਰੇ ਰੱਖ ਦਿੱਤਾ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਕੋਈ ਵੇਲਾ ਸੀ ਜਦੋਂ ਪੰਜਾਬ ਦੀ ਵਿਰਾਸਤ ਵਿੱਚ ਲੋਕ ਗੀਤ, ਲੰਬੀਆਂ ਹੇਕਾਂ ਵਾਲੇ ਗੀਤ, ਟੱਪੇ, ਮਾਹੀਏ ਅਤੇ ਕਵੀਸ਼ਰੀ ਵਰਗੀ ਕਲਾ ਹੋੜ ਚੜ੍ਹਦੀ ਕਲਾ ਸੀ, ਪਰ ਆਧੁਨਿਕ ਦੌਰ ਵਿੱਚ ਪੈਸੇ ਦੀ ਹੋੜ ਅਤੇ ਫੋਕੀ ਸ਼ੋਹਰਤਬਾਜ਼ੀ ਨੇ ਗਾਇਕੀ ਨੂੰ ਭੜਕਾਊ ਤੇ ਉਕਸਾਊ ਰੂਪ ਦੇ ਦਿੱਤਾ ਹੈ। ਹਰ ਨਵਾਂ ਉਠ ਰਿਹਾ ਗਾਇਕ ਕੋਈ ਵੀ ਪੁੱਠਾ-ਸਿੱਧਾ ਗੀਤ ਗਾ ਕੇ ਸੋਸ਼ਲ ਮੀਡੀਆ ਰਾਤੋ-ਰਾਤ ਮਸ਼ਹੂਰ ਹੋਣਾ ਚਾਹੁੰਦਾ ਹੈ।

ਅਜੋਕੀ ਪੀੜ੍ਹੀ ਦੀ ਮਾਨਸਿਕ ਹਾਲਤ ਬਹੁਤ ਕਮਜ਼ੋਰ ਹੈ। ਛੋਟੀ ਉਮਰ ਦੇ ਬੱਚੇ ਸੋਸ਼ਲ ਮੀਡੀਆ 'ਚ ਉਡਾਰੀਆਂ ਲਾਉਣ ਨੂੰ ਦੇਰ ਨਹੀਂ ਲਾਉਂਦੇ ਤੇ ਟਿੱਕ-ਟੌਕ ਵਰਗੀਆਂ ਸੋਸ਼ਲ ਸਾਈਟਾਂ 'ਤੇ ਹਥਿਆਰਾਂ ਨਾਲ ਨਜ਼ਰ ਆ ਰਹੇ ਹਨ। ਇਹ ਭਿਆਨਕ ਵਰਤਾਰਾ ਹੈ, ਜਿਸ ਦੇ ਕਈ ਕਾਰਨ ਹਨ; ਜਿਵੇਂ ਵਧਦੀ ਬੇਰੁਜ਼ਗਾਰੀ ਦੀ ਸਮੱਸਿਆ, ਸਵੈ-ਰੁਜ਼ਗਾਰ ਸਿੱਖਣ ਦੀ ਇੱਛਾ ਸ਼ਕਤੀ ਦਾ ਘਟਣਾ, ਅਸਹਿਣਸ਼ੀਲਤਾ, ਨਸ਼ਾਖੋਰੀ ਆਦਿ ਅਲਾਮਤਾਂ। ਇਸ ਕਰ ਕੇ ਨੌਜਵਾਨ ਸੋਸ਼ਲ ਮੀਡੀਆ 'ਤੇ ਪਰੋਸੇ ਜਾ ਰਹੇ ਘਟੀਆ ਗੀਤਾਂ ਤੇ ਗਾਇਕਾਂ ਦੇ ਉਕਸਾਵੇ ਵਿੱਚ ਆ ਰਿਹਾ ਹੈ। ਅਜੋਕੇ ਪੰਜਾਬੀ ਗੀਤਾਂ ਵਿੱਚ ਹਥਿਆਰ, ਗੈਂਗਵਾਰ, ਨਸ਼ੇ, ਧੱਕੇਸ਼ਾਹੀ, ਮਹਿੰਗੇ ਸ਼ੌਕ, ਅੱਧ-ਨਗਨ ਮੁਟਿਆਰਾਂ ਨੂੰ ਵੱਡੇ ਪੱਧਰ 'ਤੇ ਦਿਖਾਇਆ ਜਾਂਦਾ ਹੈ। ਕਾਨੂੰਨ ਤੋੜਨ ਨੂੰ ਬਹੁਤ ਸ਼ਾਨ ਵਾਲਾ ਕੰਮ ਬਣਾ ਕੇ ਪੇਸ਼ ਕੀਤਾ ਜਾਂਦਾ ਹੈ।

ਨੌਜਵਾਨਾਂ ਦੀ ਕਈ ਵੀਡਿਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ, ਜਿਨ੍ਹਾਂ ਵਿੱਚ ਦੋ ਵੱਖ-ਵੱਖ ਗਾਇਕਾਂ ਦੇ ਫੈਨ ਆਪਸ ਵਿੱਚ ਟਕਰਾਉਂਦੇ ਦੇਖੇ ਗਏ। ਉਹ ਗੰਦੀ ਸ਼ਬਦਵਾਲੀ ਵਰਤ ਕੇ ਆਪੋ ਵਿੱਚ ਲੜਾਈ ਕਰਦੇ ਹਨ। ਪਿਛਲੇ ਦਿਨੀਂ ਯੂ ਕੇ ਦੇ ਇੱਕ ਸ਼ਹਿਰ ਵਿੱਚ ਹੋਏ ਸ਼ੋਅ ਵਿੱਚ ਗਾਇਕ ਦੀ ਕਿਸੇ ਗੱਲ ਤੋਂ ਮੱਚੀ ਭਗਦੜ ਵਿੱਚ ਤਿੰਨ ਪੰਜਾਬੀ ਨੌਜਵਾਨਾਂ ਦੀ ਜਾਨ ਜਾਂਦੀ ਰਹੀ। ਸੋਚਣ ਵਾਲੀ ਗੱਲ ਹੈ ਕਿ ਉਨ੍ਹਾਂ ਨੌਜਵਾਨਾਂ ਦੇ ਮਾਪਿਆਂ 'ਤੇ ਕੀ ਬੀਤਦੀ ਹੋਵੇਗੀ। ਆਖ਼ਰ ਉਨ੍ਹਾਂ ਦਾ ਕੀ ਕਸੂਰ ਸੀ ਜਿਨ੍ਹਾਂ ਨੇ ਪਤਾ ਨਹੀਂ ਕਿੰਨੇ ਸੁਪਨੇ ਬੁਣ ਕੇ ਪੁੱਤਾਂ ਨੂੰ ਵਿਦੇਸ਼ ਭੇਜਿਆ ਹੋਵੇਗਾ, ਪਰ ਭੜਕਾਊ ਗਾਇਕੀ ਨੇ ਉਨ੍ਹਾਂ ਦੀ ਜਾਨ ਲੈ ਲਈ। ਭੜਕਾਊ ਗਾਇਕੀ ਨੇ ਪੰਜਾਬ ਅੰਦਰ ਅਜਿਹਾ ਖਿਲਾਰਾ ਪਾਇਆ ਹੈ ਕਿ ਨੌਜਵਾਨ ਆਪਣੇ ਧੁੰਦਲੇ ਭਵਿੱਖ ਦੇ ਮੁੱਦੇ ਭੁਲ ਕੇ ਟਰਾਲੀਆਂ, ਗੱਡੀਆਂ ਭਰ-ਭਰ ਕੇ ਅਖਾੜਿਆਂ 'ਤੇ ਜਾਂਦੇ ਹਨ ਤੇ ਸਾਰਾ ਦਿਨ ਚਹੇਤੇ ਗਾਇਕਾਂ ਦੇ ਹੱਕ ਵਿੱਚ ਪੋਸਟਾਂ ਪਾ ਕੇ ਬਹਿਸਾਂ ਕਰਦੇ ਹਨ। ਰੋਜ਼ ਕਿਸੇ ਨਾ ਗਾਇਕ ਦਾ ਵਿਵਾਦ ਦੇਖਣ-ਸੁਣਨ ਨੂੰ ਮਿਲਦਾ ਹੈ। ਗਾਇਕੀ ਦੇ ਨਾਲ ਪੰਜਾਬੀ ਫਿਲਮਾਂ ਵੀ ਗੈਂਗਸਟਰ ਰਹਿ ਚੁੱਕੇ ਕਈ ਨੌਜਵਾਨਾਂ ਦੀਆਂ ਜ਼ਿੰਦਗੀਆਂ ਦੇ ਮਾੜੇਪਵ ਨੂੰ ਵਧੀਆ ਦਿਖਾ ਕੇ ਬਣਾਈਆਂ ਜਾ ਰਹੀਆਂ ਹਨ ਤੇ ਮੋਟੇ ਪੈਸੇ ਕਮਾ ਕੇ ਨੌਜਵਾਨੀ ਨੂੰ ਗਲਤ ਰਾਹਾਂ ਵੱਲ ਧੱਕਿਆ ਜਾ ਰਿਹਾ। ਕਿਸੇ ਸਮੇਂ ਪੰਜਾਬ ਵਿੱਚ ਹਿੱਕ ਦੀ ਜ਼ੋਰ ਨਾਲ ਸੁਰੀਲੇ ਗਾਇਕ ਆਪਣੀ ਕਲਾ ਦੇ ਜੌਹਰ ਦਿਖਾਉਂਦੇ ਸਨ, ਕਵੀਸ਼ਰ ਤੇ ਭੰਡ ਸੱਥਾਂ ਵਿੱਚ ਆਪਣੀ ਕਲਾ ਨਾਲ ਵਿਰਾ-ਸਤ ਦੇ ਕੇਂਦਰ ਬਿੰਦੂ ਰਹਿੰਦੇ ਸਨ। ਅਜੋਕੀ ਗਾਇਕੀ ਜਿੱਥੇ ਭੜਕਾਊ ਹੈ, ਉਥੇ ਇਹ ਸਾਡਾ ਸੱਭਿਆਚਾਰ, ਸਾਡੇ ਪੁਰਾਤਨ ਸਾਜ਼, ਲੋਕ ਕਲਾਵਾਂ ਵੀ ਖਾ ਗਈ ਹੈ। ਸੰਗੀਤ ਦਾ ਕੰਪਿਊਟਰੀਕਰਨ ਹੋ ਗਿਆ ਹੈ। ਗਾਇਕਾਂ ਦੀ ਆਵਾਜ਼ ਦੀ ਥਾਂ ਉਚੀ ਸੁਰ ਦਾ ਸੰਗੀਤ ਜ਼ਿਆਦਾ ਸੁਣਨ ਨੂੰ ਮਿਲਦਾ ਹੈ। ਬਹੁਤੇ ਕਾਰਜਾਂ ਵਿੱਚ ਤਾਂ ਭੜਕਾਊ ਗੀਤਾਂ ਦੀ ਲੋਰ ਵਿੱਚ ਗੋਲੀਆਂ ਤੱਕ ਚੱਲ ਜਾਂਦੀਆਂ ਹਨ, ਜਿਸ ਨਾਲ ਅਨੇਕਾਂ ਕੀਮਤੀ ਬੇਕਸੂਰ ਜਾਨਾਂ ਜਾ ਚੁੱਕੀਆਂ ਹਨ।

ਪੰਜਾਬ ਸਰਕਾਰ ਨੂੰ ਅਜਿਹੇ ਭੜਕਾਊ ਗਾਇਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਦਿਆਂ ਉਨ੍ਹਾਂ ਦੀ ਗਾਇਕੀ ਪਾਬੰਦੀ ਲਾ ਦੇਣੀ ਚਾਹੀਦੀ ਹੈ, ਪਰ ਸਰਕਾਰਾਂ ਵੀ ਅਖ਼ਬਾਰਾਂ ਵਿੱਚ ਬਿਆਨ ਦਾਗਣ ਜੋਗੀਆਂ ਹੀ ਹਨ। ਭੜਕਾਊ ਗਾਇਕੀ ਉਵੇਂ ਹੀ ਜਾਰੀ ਹੈ। ਜੇ ਪੰਜਾਬੀ ਗਾਇਕੀ ਇਸੇ ਲੀਹੇ ਚੱਲਦੀ ਰਹੀ ਤਾਂ ਅਗੇ ਸਮੇਂ ਵਿੱਚ ਪੰਜਾਬ ਅੰਦਰ ਬੰਦੂਕ ਕਲਚਰ, ਗੈਂਗਸਟਰ, ਕਤਲੋਗਾਰਤ ਆਦਿ ਅਲਾਮਤਾਂ ਸਿਖਰਾਂ 'ਤੇ ਪੁੱਜ ਜਾਣਗੀਆਂ। ਨੌਜਵਾਨਾਂ ਨੂੰ ਅਜਿਹੀ ਗਾਇਕੀ ਤੋਂ ਕਿਨਾਰਾ ਕਰਨਾ ਚਾਹੀਦਾ ਹੈ, ਕਿਉਂਕਿ ਇਹ ਸਾਨੂੰ ਕੋਈ ਸੇਧ ਨਹੀਂ ਦਿੰਦੀ, ਸਗੋਂ ਕੁਰਾਹੇ ਪਾਉਂਦੀ ਹੈ।

# ਕੇਜਰੀਵਾਲ ਇੱਕ ਸਿਆਸੀ ਨੇਤਾ ਹਨ, ਵਕੀਲ ਨਹੀਂ

-ਕਰਣ ਥਾਪਰ-

ਸਪੱਸ਼ਟ ਤੌਰ 'ਤੇ ਮੈਂ ਹੈਰਾਨ ਨਹੀਂ ਹਾਂ, ਪਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਜਿਵੇਂ ਕਨ੍ਹਈਆ ਕੁਮਾਰ ਉੱਤੇ ਆਈ ਪੀ ਸੀ ਦੀ ਧਾਰਾ 124 ਏ ਹੇਠ ਦੇਸ਼-ਧ੍ਰੋਹ ਦੇ ਕੇਸ 'ਚ ਪੁਲਸ ਨੂੰ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਹੈ, ਉਸ ਨਾਲ ਮੈਂ ਪੂਰੀ ਤਰ੍ਹਾਂ ਉਲਝ ਗਿਆ ਹਾਂ। ਕੇਜਰੀਵਾਲ ਨੇ ਨਾ ਆਪਣੇ ਕਨ੍ਹਈਆ ਕੁਮਾਰ ਦੇ ਪੱਖ ਵਿੱਚ ਜਨਤਕ ਤੌਰ ਉੱਤੇ ਦਿੱਤੇ ਗਏ ਸਿਰਫ ਬਿਆਨ ਦਾ ਖੰਡਨ ਕੀਤਾ ਹੈ, ਸਗੋਂ ਉਨਾਂ ਨੇ ਇਹ ਖੁਲਾਸਾ ਵੀ ਕੀਤਾ ਹੈ ਕਿ ਉਹ ਦੇਸ਼-ਧ੍ਰੋਹ ਦੇ ਅਸਲ ਕਾਨੂੰਨ ਪ੍ਰਤੀ ਅਣਜਾਣ ਹਨ ਅਤੇ ਇਸ ਫੈਸਲੇ ਲਈ ਉਨ੍ਹਾਂ ਦਾ ਸਪੱਸ਼ਟੀਕਰਨ ਇਹ ਦੱਸਦਾ ਹੈ ਕਿ ਉਨ੍ਹਾਂ ਦੀ ਸਰਕਾਰ ਇਹ ਨਹੀਂ ਜਾਣਦੀ ਕਿ ਇੱਕ ਵਿਵਸਥਾ ਕਿਸ ਤਰ੍ਹਾਂ ਕੰਮ ਕਰੇ ਅਤੇ ਉਸ 'ਤੇ ਸਿਧਾਂਤਕ ਪੱਖ ਲਵੇ। ਜੇ ਤੁਸੀਂ ਮੇਰੀ ਗੱਲ ਨਾਲ ਸਹਿਮਤ ਹੋ ਤਾਂ ਇਸ ਉੱਤੇ ਆਪਣੀ ਝਾਤੀ ਮਾਰੋ।

ਪਹਿਲੀ ਗੱਲ ਇਹ ਹੈ ਕਿ ਕਨ੍ਹਈਆ ਕੁਮਾਰ 'ਤੇ ਇਸ ਕਾਰਨ ਦੇਸ਼-ਧ੍ਰੋਹ ਦਾ ਮੁਕੱਦਮਾ ਚੱਲੇਗਾ, ਕਿਉਂਕਿ ਉਨ੍ਹਾਂ ਨੇ ਫਰਵਰੀ 2016 ਵਿੱਚ ਦੇਸ਼ ਵਿਰੋਧੀ ਨਾਅਰੇਬਾਜ਼ੀ ਦਾ ਸਮਰਥਨ ਕੀਤਾ ਸੀ। ਕੀ ਇਹ ਦੇਸ਼-ਧ੍ਰੋਹ ਹੈ?

1995 ਵਿੱਚ ਬੇਅੰਤ ਸਿੰਘ ਕਤਲ ਕੇਸ ਵਿੱਚ ਸੁਪਰੀਮ ਕੋਰਟ ਨੇ ਇਹ ਵਿਵਸਥਾ ਦਿੱਤੀ ਸੀ ਕਿ 'ਖਾਲਿਸਤਾਨ ਜ਼ਿੰਦਾਬਾਦ' ਕਹਿਣਾ ਦੇਸ਼-ਧ੍ਰੋਹ ਨਹੀਂ। ਮਹੱਤਵ ਪੂਰਨ ਗੱਲ ਇਹ ਹੈ ਕਿ ਇਹ ਨਾਅਰੇਬਾਜ਼ੀ ਉਦੋਂ ਕੀਤੀ ਗਈ ਸੀ, ਜਦੋਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਹੋਈ ਸੀ, ਇਸ ਦੇ ਬਾਵਜੂਦ ਸੁਪਰੀਮ ਕੋਰਟ ਦੀ ਵਿਵਸਥਾ ਸਪੱਸ਼ਟ ਅਤੇ ਖਰੀ ਸੀ। ਕਈ ਵਾਰ ਇੱਕ ਨਾਅਰ ਲਾਉਣਾ, ਜੋ ਕਿਸੇ ਵੱਲੋਂ ਕਿਸੇ ਕਿਸਮ ਦੀ ਪ੍ਰਤੀਕਿਰਿਆ ਦਾ ਸੱਦਾ ਨਹੀਂ ਦਿੰਦਾ, ਧਾਰਾ 124ਏ ਦੀ ਵਿਵਸਥਾ ਦਾ ਹੱਕਦਾਰ ਨਹੀਂ। ਸੁਪਰੀਮ ਕੋਰਟ ਨੇ ਇਸ ਦੇ ਅੱਗੇ ਹੋਰ ਕਿਹਾ ਕਿ ਪੁਲਸ ਅਧਿਕਾਰੀਆਂ 'ਚ ਪ੍ਰੌਢ੍ਹਤਾ ਦੀ ਕਮੀ ਦੇਖੀ ਗਈ ਤੇ ਨਾਅਰੇਬਾਜ਼ੀ ਕਰਨ ਲਈ ਅਪੀਲ ਕਰਤਾਵਾਂ ਨੂੰ ਗ੍ਰਿਫਤਾਰ ਕਰਨ ਵਿੱਚ ਪੁਲਸ ਵਿੱਚ ਸੰਵੇਦਨਸ਼ੀਲਤਾ ਦੀ ਵੀ ਘਾਟ ਸੀ। ਇਸ ਤਰ੍ਹਾਂ ਇਨ੍ਹਾਂ ਗੱਲਾਂ ਤੋਂ ਭਾਰਤ ਸਰਕਾਰ ਨੂੰ ਕੋਈ ਖਤਰਾ ਪੈਦਾ ਨਹੀਂ ਹੋਇਆ, ਨਾ ਵੱਖ-ਵੱਖ ਭਾਈਚਾਰਿਆਂ, ਧਰਮਾਂ ਜਾਂ ਫਿਰ ਹੋਰ ਗਰੁੱਪਾਂ ਵਿੱਚ ਕਿਸੇ ਕਿਸਮ ਦੀ ਦੁਸ਼ਮਣੀ ਜਾਂ ਨਫਰਤ ਮਹਿਸੂਸ ਕੀਤੀ ਗਈ। ਅਜਿਹੀ ਵਿਵਸਥਾ ਸੁਪਰੀਮ ਕੋਰਟ ਨੇ ਦਿੱਤੀ ਸੀ।



ਦਿੱਲੀ ਸਰਕਾਰ ਦੇ ਸਟੈਂਡਿੰਗ ਵਕੀਲ ਰਾਹੁਲ ਮਹਿਰਾ ਨੇ ਸੁਪਰੀਮ ਕੋਰਟ ਦੀ ਇਸ ਵਿਵਸਥਾ ਨੂੰ ਜਾਣਿਆ ਅਤੇ ਕੇਜਰੀਵਾਲ ਨੂੰ ਦੇਸ਼-ਧ੍ਰੋਹ ਦੀ ਇਜਾਜ਼ਤ ਦੇਣ ਦੇ ਖਿਲਾਫ ਆਪਣੀ ਸਲਾਹ ਦਿੱਤੀ ਸੀ। ਇਹ ਮੰਨਿਆ ਜਾਂਦਾ ਹੈ ਕਿ ਰਾਹੁਲ ਮਹਿਰਾ ਨੇ ਕਿਹਾ ਕਿ ਪੁਲਸ ਕੇਸ ਕਮਜ਼ੋਰ ਅਤੇ ਬੁਝਾਰਤ ਭਰਿਆ ਹੈ ਤੇ ਇਸ ਵਿੱਚ ਕਈ ਤਰੇੜਾਂ ਹਨ। ਇਸ ਤਰ੍ਹਾਂ ਇਹ ਕਿਸੇ ਵੀ ਤਰ੍ਹਾਂ ਸਰਕਾਰ ਵਿਰੁੱਧ ਦੇਸ਼-ਧਰੋਹ ਦਾ ਮਾਮਲਾ ਨਹੀਂ ਬਣਦਾ। ਇਹ ਨਿਸ਼ਚਿਤ ਹੈ ਕਿ ਕੇਜਰੀਵਾਲ ਦੇਸ਼-ਧ੍ਰੋਹ ਦੇ ਕਾਨੂੰਨ ਦੀ ਅਸਲ ਸਥਿਤੀ ਤੋਂ ਅਣਜਾਣ ਹੈ ਕਿਉਂਕਿ ਉਹ ਇੱਕ ਸਿਆਸੀ ਆਗੂ ਹੈ, ਵਕੀਲ ਨਹੀਂ, ਇਸ ਕੰਮ ਲਈ ਉਨ੍ਹਾਂ ਕੋਲ ਕਾਨੂੰਨੀ ਸਲਾਹਕਾਰ ਮੌਜੂਦ ਹੈ। ਸਲਾਹ ਮੰਨਣ ਦੇ ਉਲਟ ਕੇਜਰੀਵਾਲ ਨੇ ਇਸ ਨੂੰ ਨਕਾਰਨਾ ਚਾਹਿਆ। ਆਮ ਆਦਮੀ ਪਾਰਟੀ ਦੇ ਬੁਲਾਰੇ ਰਾਘਵ ਚੱਢਾ ਨੇ ਇਸ ਉਤੇ ਆਪਣਾ ਸਪੱਸ਼ਟੀਕਰਨ ਦਿੱਤਾ ਅਤੇ ਕਿਹਾ ਕਿ ਸਰਕਾਰ ਨੇ ਨੀਤੀ ਅਤੇ ਸਿਧਾਂਤ ਦੇ ਤਹਿਤ ਅਜਿਹੇ ਕੇਸਾਂ ਵਿੱਚ ਆਪਣੀ ਦਖਲ ਅੰਦਾਜ਼ੀ ਨਹੀਂ ਕੀਤੀ।

ਇਹ ਗੱਲ ਯਕੀਨਨ ਪ੍ਰੇਸ਼ਾਨ ਕਰਨ ਵਾਲੀ ਅਤੇ ਅਜੀਬ ਹੈ, ਕਿਉਂਕਿ ਸਰਕਾਰ ਕੋਲ ਇਹ ਸ਼ਕਤੀ ਹੈ ਕਿ ਉਹ ਕੇਸ ਦੇ ਲਈ ਆਪਣੀ ਇਜਾਜ਼ਤ ਦੇਵੇ ਜਾਂ ਇਸ ਨੂੰ ਨਾਂਹ ਕਰ ਦੇਵੇ ਤਾਂ ਰਾਘਵ ਨੇ ਕਿਵੇਂ ਕਿਹਾ ਕਿ ਇਹ ਸਭ ਇੱਕ ਨੀਤੀ ਅਤੇ ਸਿਧਾਂਤ ਦੇ ਤਹਿਤ ਸੀ। ਸਾਧਾਰਨ ਤੌਰ 'ਤੇ ਸਰਕਾਰ ਨੇ ਇਸ ਮੁੱਦੇ ਤੋਂ ਖੁਦ ਨੂੰ ਵੱਖ ਰੱਖਿਆ ਤੇ ਮਾਮਲੇ ਨੂੰ ਧਿਆਨ ਨਾਲ ਨਹੀਂ ਪਰਖਿਆ। ਇਸ ਕੇਸ ਵਿੱਚ ਇਹ ਯਕੀਨਨ ਹੋਰ ਬੁਰੀ ਗੱਲ ਹੈ। ਸੁਪਰੀਮ ਕੋਰਟ ਦੀ ਵਿਵਸਥਾ 'ਤੇ ਅਮਲ ਕਰਨ ਨੂੰ ਨਕਾਰ ਕੇ ਕੇਜਰੀਵਾਲ ਸਰਕਾਰ ਨੇ ਕਨ੍ਹਈਆ ਕੁਮਾਰ 'ਤੇ ਨਾਜਾਇਜ਼ ਕੇਸ ਚਲਾਉਣ ਦੀ ਇਜਾਜ਼ਤ ਦਿੱਤੀ। ਦਰਅਸਲ, ਮੈਂ ਅੱਗੇ ਕਹਿਣਾ ਚਾਹਾਂਗਾ ਕਿ ਕੇਜਰੀਵਾਲ ਨੇ ਕਨ੍ਹਈਆ ਕੁਮਾਰ ਨੂੰ ਤਾਕ 'ਤੇ ਆਪਣੀ ਰਾਸ਼ਟਰਵਾਦੀ ਸਾਖ ਨੂੰ ਰੱਖ ਕੇ ਚਮਕਾਉਣ ਦੀ ਕੋਸ਼ਿਸ਼ ਕੀਤੀ ਹੈ। ਕੇਜਰੀਵਾਲ ਨੇ ਕਿਹਾ ਸੀ ਕਿ ਜਦ ਕਨ੍ਹਈਆ ਕੁਮਾਰ ਨੇ ਆਪਣਾ ਇਹ ਮਸ਼ਹੂਰ ਭਾਸ਼ਣ ਤਿੰਨ ਮਾਰਚ 2016 ਨੂੰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਕੀਤਾ ਅਤੇ ਨਾਅਰੇਬਾਜ਼ੀ ਕਰਨ ਦੇ ਤਿੰਨ ਹਫਤੇ ਬਾਅਦ ਕਨ੍ਹਈਆ ਕੁਮਾਰ ਨੇ ਆਪਣੇ ਭਾਸ਼ਣ ਨੂੰ ਕਈ ਵਾਰ ਸੁਣਿਆ ਸੀ। ਉਨ੍ਹਾਂ ਨੇ ਟਵੀਟ ਕੀਤਾ ਕਿ ਇਹ ਵਿਚਾਰਾਂ ਦੀ ਅਜੀਬ ਸਪੱਸ਼ਟਤਾ ਹੈ, ਜਿਸ ਨੂੰ ਸ਼ਾਨਦਾਰ ਢੰਗ ਨਾਲ ਪੇਸ਼ ਕੀਤਾ ਗਿਆ। ਉਨ੍ਹਾਂ ਕਿਹਾ ਕਿ ਲੋਕ ਇਸ ਬਾਰੇ ਕੀ ਮਹਿਸੂਸ ਕਰਦੇ ਹਨ, ਪਰਮਾਤਮਾ ਉਨ੍ਹਾਂ ਨੂੰ ਆਪਣਾ ਅਸ਼ੀਰਵਾਦ ਦੇਵੇ। ਰਾਘਵ ਚੱਢਾ ਦੀ ਟਿੱਪਣੀ ਸਮਾਨਾਂਤਰ ਤੌਰ 'ਤੇ ਜੋਸ਼ੀਲੀ ਸੀ, ਕਨ੍ਹਈਆ ਕੁਮਾਰ ਦਾ ਭਾਸ਼ਣ ਕੋਰੀ ਪ੍ਰਤਿਭਾ ਸੀ।

ਅੱਜ ਇੰਝ ਜਾਪਦਾ ਹੈ ਕਿ ਕਨ੍ਹਈਆ ਨੂੰ ਨਰਕ ਵੱਲ ਭੇਜਿਆ ਜਾ ਰਿਹਾ ਹੈ, ਪਰ ਹੋਰਨਾਂ ਨੂੰ ਪ੍ਰਮਾਤਮਾ ਵੱਲ। ਇਸੇ ਕਾਰਨ ਮੈਨੂੰ ਡੂੰਘਾ ਧੱਕਾ ਲੱਗਾ ਹੈ। ਮੈਂ ਕੇਜਰੀਵਾਲ ਨੂੰ ਦੁਬਾਰਾ ਚੁਣਨ ਦੇ ਲਈ ਵੋਟ ਨਹੀਂ ਪਾਵਾਂਗਾ, ਜਿਨ੍ਹਾਂ ਕੋਲ ਆਪਣੇ ਤਰਕ ਸੰਗਤ ਅਧਿਕਾਰਾਂ ਨੂੰ ਅਮਲ ਵਿੱਚ ਲਿਆਉਣ ਦੀ ਸ਼ਕਤੀ ਨਹੀਂ। ਕੇਜਰੀਵਾਲ ਨੇ ਦੂਸਰਿਆਂ ਦੀ ਸਲਾਹ ਨੂੰ ਪ੍ਰਵਾਨ ਕਰਨ ਦੀ ਬੁੱਧੀਮਤਾ ਨਹੀਂ ਦਿਖਾਈ, ਜੋ ਕਾਨੂੰਨ ਦੇ ਜਾਣਕਾਰ ਸਨ, ਜਦ ਕਿ ਉਨ੍ਹਾਂ ਨੇ ਦੂਸਰਾ ਰਸਤਾ ਚੁਣਿ-ਆ। ਇਸ ਨਾਲ ਉਨ੍ਹਾਂ ਦੀ ਨਿੱਜੀ ਪ੍ਰਸਿੱਧੀ ਨੂੰ ਬਲ ਮਿਲੇਗਾ।

# ਸੁੱਖ ਦੁੱਖ ਦੀਆਂ ਵਾਟਾਂ

-ਸੁਪਿੰਦਰ ਸਿੰਘ ਰਾਣਾ-

ਅੱਜ ਕਦਮ ਮਾਸੀ ਦੇ ਘਰ ਵੱਲ ਅੱਗੇ ਵਧਣ ਦੀ ਥਾਂ ਪਿੱਛੇ ਨੂੰ ਜਾ ਰਹੇ ਸਨ। ਢਾਈ ਦਹਾਕੇ ਪਹਿਲਾਂ ਇਹੀ ਕਦਮ ਸਾਈਕਲ ਚਲਾਉਂਦਿਆਂ ਤੇ ਸਾਹਮਣੀ ਹਵਾ ਹੋਣ ਦੇ ਬਾਵਜੂਦ ਉਸ ਦੇ ਘਰ ਨੂੰ ਤੇਜ਼ੀ ਨਾਲ ਅੱਗੇ ਵਧ ਰਹੇ ਸਨ। ਪਹਿਲਾਂ ਪੈਂਡਾ ਛੇਤੀ ਮੁੱਕਦਾ ਜਾਪਦਾ ਨਹੀਂ ਸੀ, ਪਰ ਅੱਜ ਕਾਰ ਵਿੱਚ ਬੈਠੇ ਹੋਣ ਦੇ ਬਾਵਜੂਦ ਅੱਗੇ ਨੂੰ ਵਧਿਆ ਨਹੀਂ ਜਾ ਰਿਹਾ ਤੇ ਘਰ ਨੇੜੇ ਹੁੰਦਾ ਜਾਪਦਾ ਸੀ। ਪਹਿਲਾਂ ਉਸ ਦੇ ਘਰ ਨੂੰ ਜਾਣ ਵਾਲੇ ਦੋ ਜਣੇ ਸਾਂ ਤੇ ਅੱਜ ਅਸੀਂ ਚਾਰ ਸਾਂ।

ਦਰਅਸਲ ਢਾਈ ਦਹਾਕੇ ਪਹਿਲਾਂ ਮਾਸੀ ਮਾਸੜ ਦੇ ਘਰ ਪੁੱਤਰ ਨੇ ਜਨਮ ਲਿਆ ਸੀ। ਆਪਣੀ ਭੈਣ ਮਨਪ੍ਰੀਤ ਤੋਂ ਕਰੀਬ ਅੱਠ ਸਾਲ ਮਗਰੋਂ ਉਸ ਦਾ ਜਨਮ ਹੋਇਆ ਸੀ। ਮੇਰੀ ਮਾਂ ਨੂੰ ਉਸ ਦੇ ਜਨਮ ਦਾ ਪਤਾ ਲੱਗਾ ਤਾਂ ਉਹ ਛੇਤੀ ਦੇਣੇ ਉਨ੍ਹਾਂ ਦੇ ਘਰ ਜਾਣਾ ਚਾਹੁੰਦੀ ਸੀ। ਮੈਂ ਆਪਣੀ ਮਾਂ ਨੂੰ ਸਾਈਕਲ ਉੱਤੇ ਬਿਠਾ ਕੇ ਉਨ੍ਹਾਂ ਦੇ ਘਰ ਵੱਲ ਚੱਲ ਪਿਆ। ਡੇਢ ਕੁ ਮੀਲ ਦੀ ਉਹ ਵਾਟ ਉਸ ਦਿਨ ਮੁੱਕਣ ਦਾ ਨਾਂ ਨਹੀਂ ਲੈ ਰਹੀ ਸੀ। ਮਾਸੀ ਆਪਣੇ ਪੁੱਤਰ ਨੂੰ ਮੇਰੇ ਕੋਲੋਂ ਗੁੜ੍ਹਤੀ ਦਿਵਾਉਣਾ ਚਾਹੁੰਦੀ ਸੀ, ਪਰ ਮੈਂ ਮਨ੍ਹਾਂ ਕਰਦਾ ਰਿਹਾ। ਮੈਂ ਚਾਹੁੰਦਾ ਸੀ ਕਿ ਮੇਰੀ ਮਾਂ ਉਸ ਨੂੰ ਗੁੜ੍ਹਤੀ ਦੇਵੇ। ਆਖਰ ਮੇਰੇ ਮਾਤਾ ਨੇ ਹੀ ਇਹ ਕਾਰਜ ਨੇਪਰੇ ਚਾੜ੍ਹਿਆ। ਖੁਸ਼ੀ ਵਿੱਚ ਖੀਵੇ ਹੋਏ ਮਾਸੀ ਮਾਸੜ ਨੇ ਆਪਣੇ ਪੁੱਤਰ ਦਾ ਨਾਂ ਸੁਖਪ੍ਰੀਤ ਸਿੰਘ ਰੱਖਿਆ। ਮਾਸੀ ਮਾਸੜ ਦੋਵੇਂ ਨੌਕਰੀ ਕਰਦੇ ਸਨ। ਇਸ ਕਾਰਨ ਉਨ੍ਹਾਂ ਦੇ ਦੋਵੇਂ ਬੱਚਿਆਂ ਦਾ ਬਚਪਨ ਸਾਡੇ ਘਰ ਗੁਜ਼ਰਿਆ। ਉਨ੍ਹਾਂ ਦਾ ਘਰ ਸਾਥੋਂ ਥੋੜ੍ਹੇ ਜਿਹੇ ਫਰਕ 'ਤੇ ਹੋਣ ਕਾਰਨ ਸਵੇਰੇ ਉਹ ਬੱਚਿਆਂ ਦੇ ਕੱਪੜੇ ਸਾਡੇ ਘਰ ਰੱਖ ਜਾਂਦੇ ਤੇ ਸ਼ਾਮੀ ਦੋਵਾਂ ਨੂੰ ਆਪਣੇ ਨਾਲ ਘਰ ਲੈ ਜਾਂਦੇ। ਸਾਡੀ ਉਮਰ ਉਨ੍ਹਾਂ ਤੋਂ ਵੱਧ ਹੋਣ ਕਾਰਨ ਮਾਂ ਨੇ ਉਨ੍ਹਾਂ ਨੂੰ ਵੱਧ ਲਾਡ ਪਿਆਰ ਕਰਨਾ। ਜਦੋਂ ਅਸੀਂ ਕਿਸੇ ਗੱਲੋਂ ਨਿਆਣਿਆਂ ਨੂੰ ਕੁਝ ਕਹਿ ਦੇਣਾ ਤਾਂ ਮਾਂ ਨੇ ਸਾਨੂੰ ਝਿੜਕ ਦੇਣਾ।

ਹੌਲੀ-ਹੌਲੀ ਸਮਾਂ ਬੀਤਦਾ ਗਿਆ। ਬੱਚੇ ਜਵਾਨ ਹੁੰਦੇ ਗਏ। ਸਾਡੇ ਤਿੰਨਾਂ ਭੈਣ ਭਰਾਵਾਂ ਦੇ ਵਿਆਹ ਹੋ ਗਏ। ਮਾਸੀ ਦੀ ਧੀ ਵੀ ਵਿਆਹੀ ਗਈ। ਸਿਰਫ ਸੁਖਪ੍ਰੀਤ ਰਹਿ ਗਿਆ ਸੀ। ਉਸ ਦਾ ਰਿਸ਼ਤੇਦਾਰੀ ਵਿੱਚ ਮੰਗਣਾ ਹੋ ਗਿਆ। ਜੋੜੀ ਵੀ ਅਜਿਹੀ ਕਿ ਮੁੰਡਾ ਕੁੜੀ ਤੋਂ ਸੋਹਣਾ ਤੇ ਕੁੜੀ ਮੁੰਡੇ ਤੋਂ ਸੋਹਣੀ। ਸੁਖਪ੍ਰੀਤ ਉਚੇਰੀ ਪੜ੍ਹਾਈ ਲਈ ਵਿਦੇਸ਼ ਚਲੇ ਗਿਆ। ਉਹ ਉਥੇ ਪੜ੍ਹਾਈ ਦੇ ਨਾਲ ਕੰਮ ਵੀ ਕਰਦਾ ਸੀ, ਪਰ ਰੋਜ਼ ਆਪਣੇ ਮਾਪਿਆਂ ਤੇ ਸਾਡੇ ਨਾਲ ਵਿਦੇਸ਼ੋਂ ਗੱਲ ਕਰਨੀ ਨਾ ਭੁੱਲਦਾ। ਮਾਪਿਆਂ ਨੇ ਉਸ ਨੂੰ ਕਈ ਵਾਰ ਕਹਿਣਾ ਕਿ ਤੂੰ ਕੰਮ ਘੱਟ ਕਰਿਆ ਕਰ ਤੇ ਪੜ੍ਹਾਈ ਵੱਲ ਜ਼ਿਆਦਾ ਧਿਆਨ ਦੇ।

ਇਕ ਦਿਨ ਉਸ ਦੇ ਦੋਸਤ ਦਾ ਮੈਨੂੰ ਫੋਨ ਆ ਗਿਆ ਕਿ ਉਹ ਢਿੱਲਾ ਹੋ ਗਿਆ ਹੈ। ਉਸ ਨੂੰ ਹਸਪਤਾਲ ਲਿਜਾ ਰਹੇ ਹਾਂ। ਇਹ ਗੱਲ ਉਸ ਦੇ ਦੋਸਤਾਂ ਨੇ ਉਸ ਦੇ ਘਰ ਵੀ ਦੱਸ ਦਿੱਤੀ। ਥੋੜ੍ਹੀ ਦੇਰ ਬਾਅਦ ਇਕ ਦੋਸਤ ਦਾ ਫੋਨ ਆ ਗਿਆ ਕਿ ਵੀਰ ਜੀ ਸੁੱਖ ਨਹੀਂ ਰਿਹਾ। ਇਹ ਗੱਲ ਸਾਥੋਂ ਉਸ ਦੇ ਘਰ ਨਹੀਂ ਦੱਸੀ ਜਾਣੀ। ਤੁਸੀਂ ਹਿੰਮਤ ਕਰਕੇ ਉਨ੍ਹਾਂ ਦੇ ਘਰ ਜਾਓ ਤੇ ਸਾਰੀ ਸਥਿਤੀ ਬਾਰੇ ਦੱਸੋ। ਅਜਿਹੀ ਗੱਲ ਮਾਸੀ ਮਾਸੜ ਨੂੰ ਕਿਵੇਂ ਕਹੀ ਜਾ ਸਕਦੀ ਹੈ। ਅੱਜ ਮਾਂ ਵੀ ਬੜੀ ਯਾਦ ਆਈ ਕਿ ਜੇ ਉਹ ਜਿਉਂਦੀ ਹੁੰਦੀ ਤਾਂ ਉਸ ਨੂੰ ਨਾਲ ਲੈ ਕੇ ਮਾਸੀ ਦੇ ਘਰ ਨੂੰ ਜਾਂਦਾ। ਸਾਰੀ ਰਾਤ ਜਾਗ ਕੇ ਕੱਟੀ ਅਤੇ ਸਵੇਰੇ ਮੈਂ ਆਪਣੇ ਦੋਸਤ ਨੂੰ ਫੋਨ ਕਰਕੇ ਸਾਰੀ ਗੱਲ ਦੱਸ ਦਿੱਤੀ। ਉਸ ਨੇ ਸਲਾਹ ਦਿੱਤੀ ਕਿ ਪਹਿਲਾਂ ਕਿਸੇ ਹੋਰ ਰਿਸ਼ਤੇਦਾਰ ਨੂੰ ਦੱਸ ਦੇਈਏ ਤੇ ਉਸ ਨੂੰ ਨਾਲ ਲੈ ਕੇ ਉਨ੍ਹਾਂ ਦੇ ਘਰ ਜਾਇਆ ਜਾ ਸਕਦਾ ਹੈ। ਅਸੀਂ ਦਾਓ ਮਾਜਰੇ ਜਾ ਕੇ ਦੂਜੇ ਮਾਸੀ ਮਾਸੜ ਨੂੰ ਸਾਰੀ ਗੱਲ ਦੱਸੀ। ਉਨ੍ਹਾਂ ਨੇ ਰੋਣਾ ਪਿੱਟਣਾ ਸ਼ੁਰੂ ਕਰ ਦਿੱਤਾ। ਬੜਾ ਸਮਝਾ ਬੁਝਾ ਕੇ ਉਨ੍ਹਾਂ ਨੂੰ ਨਾਲ ਤੋਰਿਆ। ਮਾਸੀ ਦੇ ਘਰ ਵੱਲ ਮੇਰੇ ਕਦਮ ਵਧਣ ਦੀ ਥਾਂ ਪਿੱਛੇ ਮੁੜਨਾ ਚਾਹੁੰਦੇ ਸਨ। ਕਾਰ ਚਲਾਉਂਦਿਆਂ ਮੇਰੀ ਸੁਰਤੀ ਸੁਖਪ੍ਰੀਤ ਦੇ ਬਚਪਨ ਵਿੱਚ ਗਈ ਹੋਈ ਸੀ। ਸੁਵਖਤੇ ਅਸੀਂ ਸਾਰੇ ਮਾਸੀ ਦੇ ਘਰ ਪਹੁੰਚ ਗਏ।

ਸਾਨੂੰ ਇਕੱਠਿਆਂ ਦੇਖ ਕੇ ਉਨ੍ਹਾਂ ਦਾ ਮੱਥਾ ਠਣਕਿਆ। ਮੇਰੀ ਭੁੱਬ ਨਿਕਲ ਗਈ, 'ਮਾਸੀ, ਸੁੱਖ ਨਹੀਂ ਰਿਹਾ।' ਇਹ ਸੁਣਦਿਆਂ ਹੀ ਮਾਸੀ ਧੜੰਮ ਦੇ ਕੇ ਡਿੱਗ ਪਈ। ਮਾਸੜ ਵੀ ਰੋਣ ਲੱਗਾ। ਸੁਪ੍ਰੀਤ ਦੇ ਦਾਦੇ ਦਾ ਹੋਰ ਵੀ ਬੁਰਾ ਹਾਲ ਸੀ। ਘਰ ਵਿੱਚ ਰੋਣ ਪਿੱਟਣ ਪੈ ਗਿਆ। ਘਰ ਦਿਆਂ ਨੂੰ ਉਸ ਦੀ ਮੌਤ ਦਾ ਯਕੀਨ ਨਹੀਂ ਹੋ ਰਿਹਾ ਸੀ। ਵਿਦੇਸ਼ ਵਿੱਚ ਬੈਠੀ ਉਸ ਦੀ ਭੈਣ ਨੂੰ ਸੂਚਨਾ ਦਿੱਤੀ। ਰੋਣ ਕੁਰਲਾਉਣ ਸੁਣ ਕੇ ਗੁਆਂਢੀ ਆ ਗਏ। ਘਰ ਦਾ ਮਾਹੌਲ ਗਮਗੀਨ ਹੋ ਗਿਆ।

ਕਰੀਬ 20-22 ਦਿਨਾਂ ਬਾਅਦ ਲਾਸ਼ ਭਾਰਤ ਲਿਆਂਦੀ ਗਈ। ਅੰਤਿਮ ਸੰਸਕਾਰ ਮੌਕੇ ਹਾਜ਼ਰ ਹਰ ਅੱਖ ਨਮ ਸੀ। ਮਾਸੀ ਮਾਸੜ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਸੀ। ਅੱਜ ਜਦੋਂ ਕਦੇ ਇਲੈਕਟ੍ਰੋਨਿਕ ਮੀਡੀਆ ਤੇ ਅਖਬਾਰਾਂ ਵਿੱਚ ਕਿਸੇ ਦੇ ਮਰਨ ਦੀ ਖਬਰ ਪੜ੍ਹਦਾ ਸੁਣਦਾ ਹਾਂ ਤਾਂ ਉਹ ਘਟਨਾ ਯਾਦ ਆ ਜਾਂਦੀ ਹੈ। ਕਈ ਵਾਰ ਮੈਂ ਇਕੱਲਾ ਬੈਠਾ ਸੋਚਦਾ ਹਾਂ ਕਿ ਭਾਵੇਂ ਸੋਸ਼ਲ ਮੀਡੀਆ 'ਤੇ ਹਰ ਖਬਰ ਮਿੰਟਾਂ ਵਿੱਚ ਪਹੁੰਚ ਜਾਂਦੀ ਹੈ, ਪਰ ਮੌਤ ਦੀ ਖਬਰ ਸਬੰਧਤ ਪਰਵਾਰ ਨੂੰ ਦੇਣੀ ਬੜਾ ਦੁਖਦਾਈ ਪੈਂਡਾ ਹੈ। ਇਸੇ ਕਾਰਨ ਸੁੱਖ ਦੀ ਮੌਤ ਵੇਲੇ ਮੇਰੇ ਕਦਮ ਮਾਸੀ ਦੇ ਘਰ ਵੱਲ ਵਧ ਨਹੀਂ ਰਹੇ ਸਨ।

# ਨਿੱਕੀਆਂ ਪੁਲਾਂਘਾਂ ਦੀਆਂ ਵੱਡੀਆਂ ਮੰਜ਼ਿਲਾਂ

-ਬਲਜਿੰਦਰ ਜੌੜਕੀਆਂ-

ਪ੍ਰਸਿੱਧ ਚੀਨੀ ਕਹਾਵਤ ਅਨੁਸਾਰ ਹਜ਼ਾਰਾਂ ਮੀਲ ਦੀ ਯਾਤਰਾ ਵੀ ਛੋਟੇ ਕਦਮ ਨਾਲ ਸ਼ੁਰੂ ਹੁੰਦੀ ਹੈ। ਇਸ ਲਈ ਜੋ ਲੋਕ ਮੰਜ਼ਿਲ ਵੱਲ ਨਹੀਂ ਤੁਰਦੇ, ਉਹ ਕਦੇ ਵੀ ਨਿਸ਼ਾਨੇ ਉੱਤੇ ਨਹੀਂ ਪਹੁੰਚਦੇ। ਬਲਬ ਦੇ ਖੋਜੀ ਥਾਮਸ ਐਡੀਸਨ ਨੇ ਦਸ ਹਜ਼ਾਰ ਵਾਰ ਫੇਲ੍ਹ ਹੋਣ ਤੋਂ ਬਾਅਦ ਅੰਤ ਨੂੰ ਬਲਬ ਦੀ ਖੋਜ ਕਰ ਲਈ ਸੀ। ਉਸਨੇ ਆਪਣੀਆਂ ਅਸਫਲਤਾਵਾਂ ਨੂੰ ਹਕੀਕੀ ਰੂਪ ਵਿੱਚ ਲਿਆ ਤੇ ਦੁਨੀਆਂ ਨੂੰ ਦੱਸਿਆ ਕਿ ਉਹ ਖੋਜ ਕਰਦਾ ਵੀ ਹਾਰਿਆ ਨਹੀਂ ਸੀ, ਸਗੋਂ ਉਸਨੇ ਅਜਿਹੇ ਦਸ ਹਜ਼ਾਰ ਤਰੀਕੇ ਲੱਭੇ, ਜਿਨ੍ਹਾਂ ਨਾਲ ਬਲਬ ਦੀ ਖੋਜ ਨਹੀਂ ਹੋ ਸਕਦੀ। ਦੂਜੇ ਸ਼ਬਦਾਂ ਵਿੱਚ ਉਸਨੇ ਆਪਣੀਆਂ ਹਾਰਾਂ ਦੇ ਰੋੜਿਆਂ ਨੂੰ ਮੰਜ਼ਿਲ ਵੱਲ ਜਾਂਦੀ ਸੜਕ 'ਤੇ ਵਿਛਾ ਕੇ ਰਸਤਾ ਤਿਆਰ ਕਰਕੇ ਬਲਬ ਦੀ ਖੋਜ ਕਰਕੇ ਦੁਨੀਆਂ ਨੂੰ ਰੁਸ਼ਨਾ ਦਿੱਤਾ।

ਵੱਡੀਆਂ ਪ੍ਰਾਪਤੀਆਂ ਕਰਨ ਲਈ ਵੱਧ ਜ਼ੋਰ ਦੀ ਲੋੜ ਨਹੀਂ ਹੁੰਦੀ, ਲਗਾਤਾਰਤਾ ਦੀ ਲੋੜ ਹੁੰਦੀ ਹੈ। ਆਪਣੀ ਊਰਜਾ ਨੂੰ ਸਹੀ ਸਮੇਂ 'ਤੇ ਵਰਤਣ ਦੀ ਕਾਰਜ ਯੋਜਨਾ ਬਣਾਉਣ ਦੀ ਲੋੜ ਹੁੰਦੀ ਹੈ। ਦਮ ਲੈਣ ਤੋਂ ਬਾਅਦ ਦੁਬਾਰਾ ਤੁਰਨ ਵਾਲੇ ਮੱਠੀ ਚਾਲ ਨਾਲ ਵੀ ਜਿੱਤ ਜਾਂਦੇ ਹਨ ਤੇ ਖਰਗੋਸ਼ ਵਰਗੇ ਦੌੜਾਕ ਹੰਕਾਰ ਤੇ ਸੁਸਤੀ ਕਾਰਨ ਹਾਰ ਜਾਂਦੇ ਹਨ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਰਫ਼ਤਾਰ ਨਾਲੋਂ ਦਿਸ਼ਾ ਅਤੇ ਲਗਾਤਾਰ ਕੋਸ਼ਿਸ਼ਾਂ ਦਾ ਵੱਧ ਮਹੱਤਵ ਹੁੰਦਾ ਹੈ। ਆਪਣੇ ਅੰਦਰੋਂ ਤੇ ਆਲੇ ਦੁਆਲੇ ਤੋਂ ਪ੍ਰੇਰਨਾ ਲੈ ਕੇ ਲਗਾਤਾਰ ਚੱਲਦੇ ਰਹਿਣ ਵਾਲੇ ਨੂੰ ਮੰਜ਼ਿਲ ਨਸੀਬ ਹੁੰਦੀ ਹੈ। ਕੰਮ ਪ੍ਰਤੀ ਸਮਰਪਿਤ ਹੋਣਾ ਪੈਂਦਾ ਤੇ ਜੀਵਨ ਵਿੱਚ ਵੱਡੇ ਤਿਆਗ ਕਰਨੇ ਪੈਂਦੇ ਹਨ। ਜਜ਼ਬਾਤ 'ਤੇ ਕਾਬੂ ਪਾ ਕੇ ਇੱਕ ਧਾਰਾ ਵਿੱਚ ਲਗਾਤਾਰ ਕੰਮ ਕਰਨ ਵਾਲੇ ਆਖਿਰ ਨੂੰ ਜਿੱਤ ਦਾ ਝੰਡਾ ਝੁਲਾ ਦਿੰਦੇ ਹਨ, ਭਾਵੇਂ ਉਨ੍ਹਾਂ ਦੀ ਚਾਲ ਕਿੰਨੀ ਵੀ ਮੱਠੀ ਹੋਵੇ। ਜੇ ਤੁਸੀਂ ਪੂਰੀ ਲਗਨ ਨਾਲ ਠੀਕ ਦਿਸ਼ਾ ਵੱਲ ਤੁਰ ਰਹੇ ਹੋ ਤਾਂ ਤੁਹਾਡੇ ਕਦਮ ਕਿੰਨੇ ਵੀ ਛੋਟੇ ਕਿਉਂ ਨਾ ਹੋਣ, ਤੁਸੀਂ ਮੰਜ਼ਿਲ 'ਤੇ ਪਹੁੰਚ ਹੀ ਜਾਣਾ ਹੁੰਦਾ ਹੈ। ਕਾਮਯਾਬੀ ਹਾਸਲ ਕਰਨ ਲਈ ਸਮਾਰਟ ਕੰਮ ਕਰਨ ਦੇ ਨਾਲ ਨਵੀਆਂ ਜੁਗਤਾਂ ਵੀ ਲੜਾਉਣੀਆਂ ਪੈਂਦੀਆਂ ਹਨ।

ਕਿਸੇ ਵੀ ਕਾਰਜ ਪ੍ਰਤੀ ਕੀਤੇ ਰੋਜ਼ ਦੇ ਨਿੱਕੇ-ਨਿੱਕੇ ਕੰਮਾਂ ਦੇ ਨਤੀਜੇ ਬੜੇ ਨਿਰਾਲੇ ਹੁੰਦੇ ਹਨ ਜੋ ਸਾਨੂੰ ਵੱਡੀਆਂ ਜਿੱਤਾਂ ਦਿਵਾ ਦਿੰਦੇ ਹਨ। ਜੇ ਕੋਈ ਲਿਖਾਰੀ ਰੋਜ਼ ਇੱਕ ਪੰਨਾ ਲਿਖਦਾ ਹੈ ਤਾਂ ਉਹ ਸਾਲ ਦੇ ਅੰਤ ਵਿੱਚ 365 ਪੰਨਿਆ ਦੀ ਕਿਤਾਬ ਲਿਖਣ ਵਿੱਚ ਕਾਮਯਾਬ ਹੋ ਜਾਂਦਾ ਹੈ। ਇਸੇ ਤਰ੍ਹਾਂ ਜੇ ਕੋਈ ਹਰ ਰੋਜ਼ ਵੀਹ ਮਿੰਟ ਪੜ੍ਹਦਾ ਹੈ ਤਾਂ ਸਾਲ ਦੇ ਅੰਤ ਵਿੱਚ 120 ਘੰਟਿਆਂ ਦਾ ਅਧਿਐਨ ਕਰ ਚੁੱਕਾ ਹੁੰਦਾ ਹੈ। ਇੱਕ ਵਿਦਿਆਰਥੀ ਜੋ ਆਪਣੇ ਸਾਥੀਆਂ ਨਾਲੋਂ ਦੋ ਘੰਟੇ ਪਹਿਲਾਂ ਉੱਠਦਾ ਹੈ, ਮਹੀਨੇ ਦੇ ਅੰਤ ਵਿੱਚ 60 ਘੰਟੇ ਦੀ ਵੱਧ ਪੜ੍ਹਾਈ ਕਰ ਚੁੱਕਿਆ ਹੁੰਦਾ ਹੈ। ਤੁਹਾਡੇ ਸੰਕਲਪ ਕਿੰਨੇ ਵੱਡੇ ਵੀ ਕਿਉਂ ਨਾ ਹੋਣ, ਜੇ ਉਨ੍ਹਾਂ ਦੀ ਪ੍ਰਾਪਤੀ ਲਈ ਤੁਸੀਂ ਰੋਜ਼ ਛੋਟੇ-ਛੋਟੇ ਯਤਨ ਕਰਦੇ ਹੋ ਤਾਂ ਅੰਤ ਨੂੰ ਕਾਮਯਾਬ ਹੋ ਜਾਂਦੇ ਹੋ। ਆਪਣੀਆਂ ਰ ੋ ਜ਼ ਗਤੀਵਿਧੀਆਂ ਦੇ ਖ਼ੁਦ ਜੱਜ ਬਣੋ। ਆਪਣੇ ਕੀਤੇ ਯਤਨਾਂ ਦਾ ਖ਼ੁਦ ਨਿਰੀਖਣ ਕਰੋ ਅਤੇ ਸਾਕਾਰਾਤਮਕ ਤਬਦੀਲੀਆਂ ਨੂੰ ਨੋਟ ਕਰੋ। ਜਿੱਤ ਇੱਕ ਦਿਨ ਜਾਂ ਹਫ਼ਤੇ ਦੀ ਖੇਡ ਨਹੀਂ ਹੁੰਦੀ ਤੇ ਕਈ ਵਾਰ ਨਿਸ਼ਾਨੇ 'ਤੇ ਪਹੁੰਚਣ ਲਈ ਕਈ ਸਾਲ ਲੱਗ ਜਾਂਦੇ ਹਨ। ਆਮ ਤੌਰ 'ਤੇ ਅਸੀਂ ਉਦੋਂ ਯਤਨ ਕਰਨੇ ਛੱਡ ਦਿੰਦੇ ਹਾਂ ਜਦੋਂ ਮੰਜ਼ਿਲ ਤੋਂ ਕੇਵਲ ਇੱਕ ਕਦਮ ਦੂਰ ਹੁੰਦੇ ਹਾਂ, ਇਸ ਲਈ ਆਪਣੇ ਯਤਨਾਂ ਅਤੇ ਪ੍ਰਾਪਤੀ ਦਾ ਸਹੀ ਅਨੁਮਾਨ ਪਤਾ ਹੋਣਾ ਜ਼ਰੂਰੀ ਹੈ। ਜੇ ਤੁਸੀਂ ਉਚੇ ਪਹਾੜ 'ਤੇ ਚੜ੍ਹਨਾ ਹੈ ਤਾਂ ਰਸਤੇ ਵਿੱਚ ਕਿਸੇ ਖ਼ੁਸ਼ਗਵਾਰ ਹੋਟਲ 'ਤੇ ਰੁਕ ਕੇ ਕੌਫ਼ੀ ਪੀਣਾ ਤੇ ਆਸੇ ਪਾਸੇ ਨੂੰ ਨਿਹਾਰਨਾ ਸਾਨੂੰ ਚੜ੍ਹਾਈ ਚੜ੍ਹਨ ਲਈ ਬੇਅੰਤ ਤਾਕਤ ਦਿੰਦਾ ਹੈ। ਔਖੇ ਯਤਨਾਂ ਨਾਲ ਪ੍ਰਾਪਤ ਕੀਤੀ ਚੀਜ਼ ਦਾ ਵੱਖਰਾ ਹੀ ਸੁਆਦ ਹੁੰਦਾ ਹੈ। ਜਿੱਤ ਦੇ ਰਸਤੇ ਵਿੱਚ ਆਉਂਦੀਆਂ ਰੁਕਾਵਟਾਂ ਸਾਡੇ ਅਸਲ ਅੰਦਰਲੇ ਜਜ਼ਬੇ ਦੀ ਪ੍ਰੀਖਿਆ ਲੈ ਰਹੀਆਂ ਹੁੰਦੀਆਂ ਹਨ। ਸਾਡੀਆਂ ਪ੍ਰਾਪਤੀਆਂ ਦੀ ਲੋਕ ਖ਼ੂਬ ਪ੍ਰਸ਼ੰਸਾ ਕਰਦੇ ਹਨ, ਪਰ ਅਸੀਂ ਖ਼ੁਦ ਨੂੰ ਸ਼ਾਬਾਸ਼ ਦੇਣੀ ਭੁੱਲ ਜਾਂਦੇ ਹਾਂ। ਸਾਡੇ ਕੰਮਾਂ ਤੇ ਕੋਸ਼ਿਸ਼ਾਂ ਪ੍ਰਤੀ ਸਾਡੀ ਸਹਿਮਤੀ ਅਤੇ ਹੱਲਾ ਸ਼ੇਰੀ ਹੋਣੀ ਵੀ ਜ਼ਰੂਰੀ ਹੈ, ਸਾਡੀ ਇਹ ਉਸਾਰੂ ਸੋਚ ਸਾਨੂੰ ਅਹਿਸਾਸ ਕਰਾਉਂਦੀ ਹੈ ਕਿ ਅਸੀਂ ਜਿੱਤ ਦੇ ਰਸਤੇ 'ਤੇ ਹਾਂ। ਖ਼ੁਦ ਨੂੰ ਥਾਪੜਾ ਦੇਣ ਨਾਲ ਸਾਨੂੰ ਅੰਦਰੋਂ ਉਤਸ਼ਾਹ ਮਿਲਦਾ ਹੈ ਜੋ ਸਾਡੇ ਕਦਮਾਂ ਨੂੰ ਤੇਜ਼ ਕਰਨ ਲਈ ਰਾਮਬਾਣ ਦਾ ਕੰਮ ਕਰਦਾ ਹੈ।

ਚੰਗੀਆਂ ਆਦਤਾਂ ਵੀ ਸਫਲਤਾ ਦੇ ਬਰਾਬਰ ਹੁੰਦੀਆਂ ਹਨ। ਜੇਤੂ ਲੋਕ ਆਪਣੀ ਊਰਜਾ ਭਵਿੱਖ ਜਾਂ ਭੂਤ ਕਾਲ ਬਾਰੇ ਸੋਚ ਕੇ ਨਹੀਂ ਗਵਾਉਂਦੇ, ਸਗੋਂ ਉਹ ਵਰਤਮਾਨ ਉਤੇ ਅਜਿਹੀ ਕਾਠੀ ਪਾਉਂਦੇ ਹਨ ਕਿ ਮਿਸ਼ਨ ਪੂਰਤੀ ਤੱਕ ਦਮ ਨਹੀਂ ਲੈਂਦੇ। ਕਈ ਵਾਰੀ ਪਹਾੜ ਨਾਲ ਮੱਥਾ ਲਾ ਕੇ ਅਸੀਂ ਆਪਣੀ ਸਾਰੀ ਊਰਜਾ ਗਵਾ ਲੈਂਦੇ ਹਾਂ ਤੇ ਜਿੱਤ ਨਸੀਬ ਨਹੀਂ ਹੁੰਦੀ। ਇਸ ਲਈ ਆਪਣੀ ਕਾਮਯਾਬੀ ਨੂੰ ਕਿਸ਼ਤਾਂ ਵਿੱਚ ਵੰਡ ਕੇ ਛੋਟੀਆਂ-ਛੋਟੀਆਂ ਜਿੱਤਾਂ ਹਾਸਲ ਕਰਨ ਨਾਲ ਤੁਹਾਨੂੰ ਤੁਹਾਡੇ ਯਤਨਾਂ ਦੀ ਕਾਮਯਾਬੀ ਸਾਫ਼ ਦਿਖਾਈ ਦੇਣ ਲੱਗ ਜਾਂਦੀ ਹੈ। ਜਿੱਤਣ ਲਈ ਯਤਨ ਕਰਦੇ ਰਹੋ। ਸਮਾਂ ਸੀਮਾ ਨਿਸ਼ਚਤ ਨਾ ਕਰੋ ਇਸ ਨਾਲ ਸਾਡੀ ਜ਼ਿੰਦਗੀ ਦੀ ਖੁਸ਼ੀ ਬਣੀ ਰਹੇਗੀ। ਲਗਾਤਾਰ ਕਠਿਨ ਕੰਮਾਂ ਵਿੱਚ ਫਸੇ ਰਹਿਣਾ ਹੀ ਜ਼ਿੰਦਗੀ ਨਹੀਂ ਹੁੰਦੀ, ਇਸ ਲਈ ਸੂਖਮ ਕਲਾਵਾਂ ਦੇ ਪ੍ਰੇਮੀ ਬਣੇ ਰਹੋ। ਗੀਤ-ਸੰਗੀਤ, ਚਿੱਤਰਕਾਰੀ ਆਦਿ ਰਾਹੀਂ ਜ਼ਿੰਦਗੀ ਦੇ ਰੰਗਾਂ ਨਾਲ ਜੁੜੇ ਰਹੋ, ਕਿਉਂਕਿ ਤਨ ਨਾਲੋਂ ਸਾਡੇ ਮਨ ਦੀ ਬਹਾਰ ਵੀ ਬਹੁਤ ਜ਼ਰੂਰੀ ਹੈ। ਖ਼ੁਦ ਦਾ ਅੱਗੇ ਲੰਘਣਾ ਉਦੋਂ ਹੋਰ ਵੀ ਅਰਥ ਭਰਪੂਰ ਹੋ ਜਾਂਦਾ ਹੈ ਜਦੋਂ ਅਸੀਂ ਪਿਛਲਿਆਂ ਨੂੰ ਬਾਂਹ ਫੜ ਕੇ ਬਰਾਬਰ ਤੋਰਦੇ ਹਾਂ। ਸਹਿਯੋਗ, ਸੇਵਾ ਅਤੇ ਸਮਰਪਣ ਦੀ ਸੋਚ ਨੂੰ ਪ੍ਰਣਾਏ ਨਿੱਕੀਆਂ ਪੁਲਾਂਘਾਂ ਵਾਲੇ ਜੇਤੂ ਪਾਂਧੀ ਮੰਜ਼ਿਲ 'ਤੇ ਪਹੁੰਚਦੇ ਹਨ ਸਗੋਂ ਲੋਕਾਂ ਦਾ ਦਿਲ ਵੀ ਜਿੱਤ ਲੈਂਦੇ ਹਨ।

# TICKETS 2 INDIA

## (587) 419-0511



**Flights from**
**Toronto (YYZ) - Delhi (DEL) - Toronto**
# CAD 1196
**Return**

**Flights from**
**Vancouver (YVR) - Delhi (DEL) - Vancouver**
# CAD 1203
**Return**

**Authorized agents for**

AIR CANADA
Lufthansa
AIR CHINA
QATAR AIRWAYS القطرية
Fly Emirates
एअर इंडिया AIR INDIA
UNITED AIRLINES
BRITISH AIRWAYS
الاتحاد ETIHAD AIRWAYS

ਸਾਨੂੰ ਹੇਠਲੇ ਦਿੱਤੇ ਨੰਬਰ ਤੇ ਸੰਪਰਕ ਕਰੋ ਅਤੇ ਆਪਣੇ ਲਈ ਵਧੀਆ ਡੀਲ ਲਵੋ

ਅੱਜ ਹੀ ਸਾਨੂੰ ਫੋਨ ਘੁਮਾਓ ਅਤੇ ਆਪਣੀਆਂ ਸੀਟਾਂ ਦੀ ਬੁਕਿੰਗ ਕਰਵਾਓ

ਇਹ ਆਫਰ ਸੀਟਾਂ ਦੇ ਖਤਮ ਹੋਣ ਤੱਕ ਹੀ ਹੈ



**Cruise sale from**
**$140 per day only**

ਕੀ ਤੁਸੀਂ ਸਸਤੀਆਂ ਅਤੇ ਕਮਰਸ਼ੀਅਲ ਏਅਰ ਟਰੇਵਲ ਡੀਲਾਂ ਦੀ ਭਾਲ ਵਿੱਚ ਹੋ ?

ਘੱਟ ਕੀਮਤ ਦਾ ਪਤਾ ਲਗਾਓ, ਅਸੀਂ ਤੁਹਾਨੂੰ 200% ਫਰਕ ਵਾਪਸ ਕਰ ਦੇਵਾਂਗੇ

## (587) 419-0511

www.ticket2-india.com
10050 - 112th Street Suites 904 & 1001, Edmonton, AB T5K 2J1, Canada
tickets2indiaca@gmail.com

ਕਿਰਪਾ ਕਰਕੇ ਹਰ ਕੋਈ ਆਪਣੀ ਜਿਮੇਵਾਰੀ ਤੇ ਟਿਕਟਾਂ ਖਰੀਦਣ। ਇਸ ਵਿੱਚ ਪੰਜਾਬੀ ਪੋਸਟ ਅਖਬਾਰ ਦੀ ਕੋਈ ਜਿਮੇਵਾਰੀ ਨਹੀਂ ਹੋਵੇਗੀ। ਧੰਨਵਾਦ ਸਹਿਤ।

## ਸੀ ਆਈ ਡੀ ਵਿੰਗ ਦੇ ਮੁਲਾਜ਼ਮ ਦਾ ਮੁਹਾਲੀ ਵਿੱਚ ਕਤਲ

ਮੁਹਾਲੀ, 12 ਮਾਰਚ (ਪੋਸਟ ਬਿਊਰੋ)- ਮੁਹਾਲੀ ਵਿਚਲੇ ਸੀ ਆਈ ਡੀ ਦਫ਼ਤਰ 'ਚ ਸੀਨੀਅਰ ਸਹਾਇਕ ਦੇ ਅਹੁਦੇ 'ਤੇ ਤਾਇਨਾਤ ਇੱਕ ਮੁਲਾਜ਼ਮ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ ਹੈ। ਉਸ ਦੀ ਪਛਾਣ ਕੁਲਵਿੰਦਰ ਸਿੰਘ (50) ਪਿੰਡ ਅਟਾਵਾ (ਚੰਡੀਗੜ੍ਹ) ਵਜੋਂ ਹੋਈ ਹੈ। ਇਸ ਸਮੇਂ ਉਹ ਪਰਵਾਰ ਨਾਲ ਸੈਕਟਰ-43 ਵਿੱਚ ਰਹਿੰਦਾ ਸੀ ਅਤੇ ਇਥੋਂ ਦੇ ਸੈਕਟਰ-77 ਵਿੱਚ ਪੰਜਾਬ ਪੁਲਸ (ਇੰਟੈਲੀਜੈਂਸ) ਦੇ ਮੁੱਖ ਦਫ਼ਤਰ ਵਿੱਚ ਤਾਇਨਾਤ ਸੀ। ਉਹ ਕੱਲ੍ਹ ਸ਼ਾਮ ਤੋਂ ਭੇਤ-ਭਰੀ ਹਾਲਤ ਵਿੱਚ ਲਾਪਤਾ ਸੀ। ਕੁਲਵਿੰਦਰ ਸਿੰਘ ਦੀ ਲਾਸ਼ ਕੱਲ੍ਹ ਮੁਹਾਲੀ ਹਵਾਈ ਅੱਡਾ ਚੌਕ ਤੋਂ ਪਿੰਡ ਦੈੜੀ ਨੂੰ ਜਾਂਦੀ ਮੁੱਖ ਸੜਕ ਕਿਨਾਰੇ ਝਾੜੀਆਂ 'ਚ ਪਈ ਮਿਲੀ ਹੈ। ਲਾਸ਼ ਨੂੰ ਬੰਨ੍ਹ ਕੇ ਪਲਾਸਟਿਕ ਦੇ ਇੱਕ ਲਿਫ਼ਾਫ਼ੇ ਵਿੱਚ ਬੰਦ ਕਰਕੇ ਝਾੜੀਆਂ ਵਿੱਚ ਸੁੱਟਿਆ ਗਿਆ ਸੀ। ਬੀਤੇ ਦਿਨੀਂ ਹੋਲੀ ਦੀ ਛੁੱਟੀ ਹੋਣ ਕਾਰਨ ਪੁਲਸ ਦਾ ਮੁੱਖ ਦਫ਼ਤਰ ਬੰਦ ਸੀ।

ਮਿਲੀ ਜਾਣਕਾਰੀ ਅਨੁਸਾਰ ਕੁਲਵਿੰਦਰ ਸਿੰਘ ਕੱਲ੍ਹ ਦੇਰ ਸ਼ਾਮ ਕਰੀਬ ਸਾਢੇ ਸੱਤ ਵਜੇ ਕਿਸੇ ਨੂੰ ਕੁਝ ਦੱਸੇ ਬਿਨ੍ਹਾਂ ਬਾਹਰ ਗਿਆ ਸੀ, ਪਰ ਜਦੋਂ ਰਾਤ 10 ਵਜੇ ਤੱਕ ਘਰ ਨਹੀਂ ਗਿਆ ਤਾਂ ਉਸ ਦੇ ਛੋਟੇ ਭਰਾ ਹਰਚੰਦ ਸਿੰਘ ਨੇ ਉਸ ਦੇ ਮੋਬਾਈਲ ਫੋਨ 'ਤੇ ਸੰਪਰਕ ਕੀਤਾ। ਉਸ ਨੇ ਭਰਾ ਨੂੰ ਕਿਹਾ ਕਿ ਉਹ ਜਲਦੀ ਘਰ ਵਾਪਸ ਆ ਜਾਵੇਗਾ। ਜਦੋਂ ਕਾਫ਼ੀ ਦੇਰ ਤੱਕ ਉਹ ਘਰ ਨਹੀਂ ਪੁੱਜਾ ਤਾਂ ਪਰਵਾਰ ਨੇ ਰਾਤ ਕਰੀਬ ਪੌਣੇ 12 ਵਜੇ ਫੋਨ ਕੀਤਾ, ਪਰ ਉਸ ਨੇ ਫੋਨ ਨਹੀਂ ਚੁੱਕਿਆ। ਫਿਰ ਉਸ ਦਾ ਫੋਨ ਲਗਾਤਾਰ ਬੰਦ ਮਿਲਿਆ। ਕੱਲ੍ਹ ਸਵੇਰੇ ਸੜਕ ਤੋਂ ਲੰਘਦੇ ਕਿਸੇ ਰਾਹਗੀਰ ਨੇ ਪੁਲਸ ਕੰਟਰੋਲ ਰੂਮ 'ਤੇ ਸੂਚਨਾ ਦਿੱਤੀ ਕਿ ਏਅਰਪੋਰਟ ਤੋਂ ਦੈੜੀ ਸੜਕ 'ਤੇ ਝਾੜੀਆਂ ਪਿੱਛੇ ਪਲਾਸਟਿਕ ਦੇ ਲਿਫ਼ਾਫ਼ੇ ਵਿੱਚ ਕੋਈ ਲਾਸ਼ ਪਈ ਹੈ। ਸੂਚਨਾ ਮਿਲਦੇ ਸਾਰ ਪੁਲਸ ਵਾਲੇ ਓਥੇ ਪਹੁੰਚੇ ਤੇ ਘਟਨਾ ਦਾ ਜਾਇਜ਼ਾ ਲਿਆ। ਮੁੱਢਲੀ ਜਾਂਚ ਵਿੱਚ ਇਹ ਗੱਲ ਪਤਾ ਲੱਗੀ ਹੈ ਕਿ ਸੀਨੀਅਰ ਅਸਿਸਟੈਂਟ ਦੀ ਕਿਸੇ ਹੋਰ ਥਾਂ 'ਤੇ ਹੱਤਿਆ ਕਰਕੇ ਉਸ ਦੀ ਲਾਸ਼ ਨੂੰ ਝਾੜੀਆਂ ਪਿੱਛੇ ਸੁੱਟੀ ਗਈ ਹੈ।

## ਬੇਅਦਬੀ ਕਾਂਡ

# ਮੁੱਖ ਗਵਾਹਾਂ ਨੇ ਇੱਕ ਦੂਜੇ ਉਤੇ ਝੂਠੇ ਬਿਆਨ ਦਾਗਣ ਦੇ ਦੋਸ਼ ਲਾਏ

### * 'ਸ਼ਹੀਦਾਂ' ਦੇ ਪਰਿਵਾਰਾਂ ਵੱਲੋਂ ਮਾਣਹਾਨੀ ਕੇਸ ਦੀ ਚੇਤਾਵਨੀ





ਕੋਟਕਪੂਰਾ, 12 ਮਾਰਚ (ਪੋਸਟ ਬਿਊਰੋ)- ਪਿਛਲੇ ਮਹੀਨੇ ਦਿਲ ਦਾ ਦੌਰਾ ਪੈਣ ਨਾਲ ਗੁਜ਼ਰ ਗਏ ਬੇਅਦਬੀ ਕਾਂਡ ਦੇ ਗਵਾਹ ਸੁਰਜੀਤ ਸਿੰਘ ਸਾਬਕਾ ਸਰਪੰਚ ਦੀ ਪਤਨੀ ਜਸਵੀਰ ਕੌਰ ਵੱਲੋਂ ਬੇਅਦਬੀ ਕਾਂਡ ਦੌਰਾਨ ਮਾਰੇ ਗਏ ਕਿਸ਼ਨ ਭਗਵਾਨ ਸਿੰਘ ਤੇ ਗੁਰਜੀਤ ਸਿੰਘ ਬਿੱਟੂ ਦੇ ਪਰਵਾਰਾਂ 'ਤੇ ਅਕਾਲੀ ਦਲ ਤੇ ਕਾਂਗਰਸ ਤੋਂ 10-10 ਕਰੋੜ ਰੁਪਏ ਲੈਣ ਦੇ ਦੋਸ਼ ਲਾਉਣ ਤੋਂ ਬਾਅਦ ਉਕਤ ਪਰਵਾਰਾਂ ਅਤੇ ਹੋਰ ਗਵਾਹਾਂ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸ ਕੇ ਕਿਹਾ ਹੈ ਕਿ ਬੇਅਦਬੀ ਕਾਂਡ ਦੇ ਮੁੱਦੇ 'ਤੇ ਸਿਆਸੀ ਰੋਟੀਆਂ ਸੇਕਣ ਵਾਲੇ ਸਿਆਸੀ ਆਗੂਆਂ ਨੂੰ ਏਦਾਂ ਕਰਨਾ ਸ਼ੋਭਾ ਨਹੀਂ ਦਿੰਦਾ, ਜਦ ਕਿ ਗਵਾਹਾਂ ਨੂੰ ਵੀ ਇਸ ਮਾਮਲੇ ਵਿੱਚ ਸੋਚ ਸਮਝ ਕੇ ਬਿਆਨਬਾਜ਼ੀ ਕਰਨੀ ਚਾਹੀਦੀ ਹੈ।

ਬਹਿਬਲ ਕਲਾਂ ਕਾਂਡ ਵਿੱਚ ਮਾਰੇ ਗਏ ਗੁਰਜੀਤ ਸਿੰਘ ਬਿੱਟੂ ਦੇ ਪਿਤਾ ਸਾਧੂ ਸਿੰਘ ਸਰਾਵਾਂ ਨੇ ਮੀਡੀਆ ਚੈਨਾਲ ਨਾਲ ਗੱਲਬਾਤ ਦੌਰਾਨ ਬੀਬੀ ਜਸਵੀਰ ਕੌਰ ਨੂੰ ਚਿਤਾਵਨੀ ਦਿੱਤੀ ਕਿ ਜਾਂ ਉਹ ਅਕਾਲੀ ਦਲ ਤੇ ਕਾਂਗਰਸ ਤੋਂ 10-10 ਕਰੋੜ ਰੁਪਏ ਲੈਣ ਦੇ ਦੋਸ਼ ਸਿੱਧ ਕਰੇ ਜਾਂ ਮੁਆਫੀ ਮੰਗੇ, ਨਹੀਂ ਤਾਂ ਮਾਣਹਾਨੀ ਦਾ ਕੇਸ ਭੁਗਤਣ ਲਈ ਤਿਆਰ ਰਹੇ। ਦੂਸਰੇ ਮ੍ਰਿਤਕ ਕਿਸ਼ਨ ਭਗਵਾਨ ਸਿੰਘ ਨਿਆਮੀਵਾਲਾ ਦੇ ਪੁੱਤਰਾਂ ਸੁਖਰਾਜ ਸਿੰਘ ਅਤੇ ਸਾਧੂ ਸਿੰਘ ਸਰਾਵਾਂ ਨੇ ਦੱਸਿਆ ਕਿ ਡੇਰਾ ਸੱਚਾ ਸੌਦਾ ਵਾਲੇ ਨਾਲ ਅਕਾਲੀ ਆਗੂਆਂ ਦੀ ਨੇੜਤਾ ਹੋਣ ਕਰ ਕੇ ਬਾਦਲਾਂ ਨੇ ਉਸ ਸਮੇਂ ਪੀੜਤ ਪਰਵਾਰਾਂ ਦੀ ਕੋਈ ਸਾਰ ਨਹੀਂ ਲਈ, 14 ਅਕਤੂਬਰ 2015 ਨੂੰ ਸ਼ਾਂਤਮਈ ਧਰਨੇ ਉੱਤੇ ਬੈਠੀਆਂ ਸੰਗਤਾਂ ਉਪਰ ਢਾਹੇ ਗਏ ਪੁਲਸੀ ਜ਼ੁਲਮ ਦੇ ਕਈ ਦਿਨਾਂ ਬਾਅਦ ਸੁਖਬੀਰ ਸਿੰਘ ਬਾਦਲ ਗ੍ਰਹਿ ਮੰਤਰੀ ਤੇ ਉਪ ਮੁੱਖ ਮੰਤਰੀ ਵਜੋਂ ਉਨ੍ਹਾਂ ਨੂੰ ਮਿਲਣ ਲਈ ਆਏ ਤਾਂ ਚਾਰ-ਪੰਜ ਘੰਟੇ ਦੋਵਾਂ ਪਰਵਾਰਾਂ ਨੂੰ ਘਰ ਵਿੱਚ ਬੰਦ ਰੱਖਿਆ। ਫਿਰ ਉਹ ਤਿੰਨ-ਚਾਰ ਮਿੰਟਾਂ ਦੇ ਅੰਦਰ ਯਾਦਗਾਰਾਂ ਬਣਾਉਣ ਦੀ ਗੱਲ ਕਹਿ ਕੇ ਚਲੇ ਗਏ, ਪਰ ਆਪਣੀ ਸਰਕਾਰ ਸਰਕਾਰ ਹੋਣ ਦੇ ਬਾਵਜੂਦ ਨਾ ਉਨ੍ਹਾਂ ਪੀੜਤ ਪਰਵਾਰਾਂ ਨੂੰ ਰਾਹਤ ਦਿਤੀ, ਨਾ ਹੋਰ ਕੋਈ ਗੱਲ ਹੋਈ ਸੀ। ਦੋਵਾਂ ਪੀੜਤ ਪਰਵਾਰਾਂ ਦੇ ਨਾਲ ਮੀਡੀਆ ਚੈਨਲ ਦੀ ਟੀਮ ਨਾਲ ਗੱਲਬਾਤ ਕਰਨ ਵਾਲਿਆਂ ਵਿੱਚ ਬੇਅਦਬੀ ਕਾਂਡ ਦੇ ਗਵਾਹਾਂ ਬ੍ਰਹਮਾ ਸਿੰਘ ਅਤੇ ਡਾਕਟਰ ਗੁਰਪ੍ਰੀਤ ਸਿੰਘ ਨੇ ਵੀ ਕਿਹਾ ਕਿ ਉਨ੍ਹਾਂ ਨੂੰ ਕਦੇ ਕਿਸੇ ਸਿਆਸੀ ਜਾਂ ਗੈਰ ਸਿਆਸੀ ਵਿਅਕਤੀ ਨੇ ਗਵਾਹੀ ਵਾਪਸ ਲੈਣ ਲਈ ਦਬਾਅ ਨਹੀਂ ਪਾਇਆ। ਉਨ੍ਹਾਂ ਕਿਹਾ ਕਿ ਗੁਰਪ੍ਰੀਤ ਸਿੰਘ ਕਾਂਗੜ ਅਤੇ ਕੁਸ਼ਲਦੀਪ ਸਿੰਘ ਢਿੱਲੋਂ ਦਾ ਇਸ ਹਲਕੇ ਨਾਲ ਕਿਸੇ ਤਰ੍ਹਾਂ ਦਾ ਕੋਈ ਸੰਬੰਧ ਨਹੀਂ, ਇਸ ਲਈ ਉਨ੍ਹਾਂ ਦਾ ਨਾਂਅ ਬੇਅਦਬੀ ਕਾਂਡ ਦੇ ਗਵਾਹਾਂ ਨੂੰ ਧਮਕਾਉਣ ਦੇ ਕੇਸ ਵਿੱਚ ਘੜੀਸਣਾ ਵਾਜਿਬ ਨਹੀਂ। ਬਰਗਾੜੀ ਪੁਲਸ ਚੌਕੀ ਦੇ ਇੰਚਾਰਜ ਏ ਐਸ ਆਈ ਗੁਰਬਿੰਦਰ ਸਿੰਘ ਭਲਵਾਨ ਨੂੰ ਨਸ਼ਾ ਤਸਕਰਾਂ ਵਿਰੁੱਧ ਸ਼ਿਕੰਜਾ ਕੱਸਣ ਵਾਲਾ ਅਤੇ ਸਮਾਜ ਸੇਵਕ ਦੱਸ ਕੇ ਉਨ੍ਹਾਂ ਕਿਹਾ ਕਿ ਇੱਕ ਦੂਜੇ ਨਾਲ ਕਿੜਾਂ ਕੱਢਣ ਦੇ ਲਈ ਅਫਸਰੀ ਗਾਜ ਚੌਕੀ ਇੰਚਾਰਜ 'ਤੇ ਡਿੱਗੀ ਹੈ, ਜਿਸ ਕਾਰਨ ਉਸ ਦੀ ਬਦਲੀ ਕਰ ਦਿੱਤੀ ਗਈ। ਉਨ੍ਹਾਂ ਨੇ ਦਾਅਵੇ ਨਾਲ ਕਿਹਾ ਕਿ ਲਗਭਗ ਤੀਹ ਗਵਾਹਾਂ 'ਚੋਂ ਇੱਕ ਨੂੰ ਵੀ ਗਵਾਹੀਆਂ ਵਾਪਸ ਲੈਣ ਲਈ ਕਿਸੇ ਨੇ ਧਮਕੀ ਤਾਂ ਕੀ ਦੇਣੀ ਸੀ, ਕਿਸੇ ਨੇ ਪਿਆਰ ਨਾਲ ਜਾਂ ਮਜ਼ਾਕ ਨਾਲ ਵੀ ਕਦੇ ਗਵਾਹੀ ਵਾਪਸ ਲੈਣ ਬਾਰੇ ਨਹੀਂ ਆਖਿਆ।

## ਸਿੱਖ ਜਥੇਬੰਦੀਆਂ ਵੱਲੋਂ ਫਿਰ ਤੋਂ ਧਰਨੇ ਦੇਣ ਦਾ ਐਲਾਨ



ਜਲੰਧਰ, 12 ਮਾਰਚ (ਪੋਸਟ ਬਿਊਰੋ)- ਪੰਜਾਬ ਵਿਚਲੀਆਂ ਪੈਂਤੀ ਸਿੱਖ ਜਥੇਬੰਦੀਆਂ ਦੇ ਗੱਠਜੋੜ 'ਅਲਾਇੰਸ ਆਫ ਸਿੱਖ ਆਰਗੇਨਾਈਜ਼ੇਸ਼ਨਜ਼' ਅਤੇ ਦਰਬਾਰ-ਏ-ਖਾਲਸਾ ਜਥੇਬੰਦੀ ਦੇ ਆਗੂਆਂ ਨੇ ਐਲਾਨ ਕੀਤਾ ਹੈ ਕਿ ਬਰਗਾੜੀ ਬੇਅਦਬੀ ਕਾਂਡ ਅਤੇ ਬਹਿਬਲ ਕਲਾਂ ਕਾਂਡ ਦਾ ਇਨਸਾਫ਼ ਦਾ ਦਿਵਾਉਣ ਲਈ ਕੈਪਟਨ ਸਰਕਾਰ ਦੇ ਵਿਰੁੱਧ ਵਿੱਢੇ ਸੰਘਰਸ਼ ਦਾ ਦੂਜਾ ਪੜਾਅ 15 ਮਾਰਚ ਨੂੰ ਪੱਟੀ ਤੋਂ ਕਾਂਗਰਸੀ ਵਿਧਾਇਕ ਹਰਮਿੰਦਰ ਸਿੰਘ ਗਿੱਲ ਦੇ ਘਰ ਅੱਗੇ ਧਰਨਾ ਲਾ ਕੇ ਸ਼ੁਰੂ ਕੀਤਾ ਜਾਵੇਗਾ ਅਤੇ ਫਿਰ ਪੰਜਾਬ ਭਰ ਵਿੱਚ ਧਰਨੇ ਦਿੱਤੇ ਜਾਣਗੇ।

ਇਸ ਗਠਜੋੜ ਦੇ ਸਿਆਸੀ ਮਾਮਲਿਆਂ ਦੇ ਇੰਚਾਰਜ ਸੁਖਦੇਵ ਸਿੰਘ ਫਗਵਾੜਾ, ਪਰਮਪਾਲ ਸਿੰਘ ਸਭਰਾ ਅਤੇ ਦਰਬਾਰ—ਏ-ਖਾਲਸਾ ਜਥੇਬੰਦੀ ਦੇ ਆਗੂ ਹਰਜੀਤ ਸਿੰਘ ਢਪਾਲੀ ਨੇ ਕੱਲ ਇਥੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਬਰਗਾੜੀ ਕੇਸ ਵਿੱਚ ਇਨਸਾਫ਼ ਲਈ ਸਰਕਾਰ ਨੂੰ ਹਲੂਣਾ ਦੇਣ ਵਾਸਤੇ ਸੰਘਰਸ਼ ਦਾ ਦੂਜਾ ਪੜਾਅ 15 ਮਾਰਚ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ 'ਚ ਸਰਬ ਸੰਮਤੀ ਨਾਲ ਬਰਗਾੜੀ ਕੇਸ ਦੀ ਜਾਂਚ ਸੀ ਬੀ ਆਈ ਤੋਂ ਵਾਪਸ ਲੈਣ ਦਾ ਫ਼ੈਸਲਾ ਹੋਣ ਪਿੱਛੋਂ 18 ਮਹੀਨਿਆਂ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਸੀ ਬੀ ਆਈ ਕੋਲੋਂ ਇਹ ਜਾਂਚ ਵਾਪਸ ਕਿਉਂ ਨਹੀਂ ਲਈ ਗਈ। ਇਨ੍ਹਾਂ ਆਗੂਆਂ ਨੇ ਦੱਸਿਆ ਕਿ 22 ਮਾਰਚ ਨੂੰ ਫ਼ਰੀਦਕੋਟ ਤੋਂ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ, 29 ਮਾਰਚ ਨੂੰ ਖਡੂਰ ਸਾਹਿਬ ਤੋਂ ਵਿਧਾਇਕ ਰਮਨਜੀਤ ਸਿੰਘ ਸਿੱਕੀ ਅਤੇ 5 ਅਪ੍ਰੈਲ ਨੂੰ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਘਰਾਂ ਅੱਗੇ ਕੀਰਤਰਨ ਮਗਰੋਂ ਧਰਨਾ ਲਾ ਕੇ ਜਵਾਬ ਮੰਗਿਆ ਜਾਵੇਗਾ।

## ਚੰਦਰ ਕਾਂਤਾ ਦੇ ਕੇਸ ਵਿੱਚ ਟਰੱਸਟ ਚੇਅਰਮੈਨ ਵਿਰੁੱਧ ਗ੍ਰਿਫਤਾਰੀ ਵਾਰੰਟ ਚੌਥੀ ਵਾਰ ਜਾਰੀ

ਜਲੰਧਰ, 12 ਮਾਰਚ (ਪੋਸਟ ਬਿਊਰੋ)- ਬੀਬੀ ਭਾਨੀ ਕੰਪਲੈਕਸ ਦੀ ਇੱਕ ਅਲਾਟੀ ਚੰਦਰ ਕਾਂਤਾ ਦੇ ਕੇਸ ਵਿੱਚ ਜ਼ਿਲਾ ਕੰਜ਼ਿਊਮਰ ਫੋਰਮ ਨੇ ਇੰਪਰੂਵਮੈਂਟ ਟਰੱਸਟ ਜਲੰਧਰ ਚੇਅਰਮੈਨ ਦਲਜੀਤ ਸਿੰਘ ਆਹਲੂਵਾਲੀਆ ਦੇ ਗ੍ਰਿਫਤਾਰੀ ਵਾਲੇ ਵਾਰੰਟ ਚੌਥੀ ਵਾਰ ਜਾਰੀ ਕੀਤੇ ਹਨ। ਟਰੱਸਟ ਨੂੰ ਹੁਕਮ ਦਿੱਤਾ ਗਿਆ ਸੀ ਕਿ ਚਾਰ ਮਾਰਚ ਤੱਕ ਚੰਦਰ ਕਾਂਤਾ ਨੂੰ ਉਸ ਦੇ 12.50 ਲੱਖ ਰੁਪਏ ਮੋੜੇ ਜਾਣ, ਨਹੀਂ ਤਾਂ ਚੇਅਰਮੈਨ ਦੇ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਜਾਏਗਾ। ਟਰੱਸਟ ਨੇ ਇਸ ਮਾਮਲੇ ਵਿੱਚ ਪੈਸੇ ਨਹੀਂ ਮੋੜੇ। ਇਸ ਪਿੱਛੋਂ ਫੋਰਮ ਨੇ ਚੌਥੀ ਵਾਰ ਵਾਰੰਟ ਜਾਰੀ ਕਰ ਦਿੱਤਾ ਹੈ।

ਇਸ ਦੇ ਨਾਲ ਟਰੱਸਟ ਚੇਅਰਮੈਨ ਨੂੰ ਸੱਤ ਅਪ੍ਰੈਲ ਤੱਕ ਸਾਰੇ ਪੈਸੇ ਮੋੜਨ ਦੇ ਹੁਕਮ ਦਿੱਤੇ ਗਏ ਹਨ। ਬੀਬੀ ਭਾਨੀ ਕੰਪਲੈਕਸ ਵੈਲਫੇਅਰ ਦੇ ਐਸੋਸੀਏਸ਼ਨ ਦੇ ਪ੍ਰਧਾਨ ਦਰਸ਼ਨ ਸਿੰਘ ਆਹੂਜਾ ਨੇ ਦੱਸਿਆ ਕਿ 2010 ਵਿੱਚ ਚੰਦਰ ਕਾਂਤਾ ਨੂੰ ਇਸ ਕੰਪਲੈਕਸ ਵਿੱਚ ਫਸਟ ਫਲੋਰ ਦਾ 88 ਨੰਬਰ ਅਲਾਟ ਹੋਇਆ ਸੀ, ਜਿਸ ਦਾ ਕਬਜ਼ਾ 2012 ਵਿੱਚ ਮਿਲਣਾ ਸੀ, ਪਰ ਟਰੱਸਟ ਨੇ ਉਸ ਸਾਲ ਦੌਰਾਨ ਕਬਜ਼ਾ ਨਹੀਂ ਦਿੱਤਾ। ਕਾਫੀ ਦੇਰ ਇੰਤਜ਼ਾਰ ਕਰਨ ਉੱਤੇ ਪੈਸੇ ਰਿਫੰਡ ਨਹੀਂ ਹੋਏ ਤਾਂ ਚੰਦਰ ਕਾਂਤਾ ਨੇ 19 ਜੂਨ 2017 ਨੂੰ ਟਰੱਸਟ ਦੇ ਖਿਲਾਫ ਜ਼ਿਲਾ ਕੰਜ਼ਿਊਮਰ ਫੋਰਮ ਵਿੱਚ ਕੇਸ ਕਰ ਦਿੱਤਾ। ਇੱਕ ਮਈ 2019 ਨੂੰ ਫੋਰਮ ਨੇ ਚੰਦਰ ਕਾਂਤਾ ਦੇ ਹੱਕ ਵਿੱਚ ਫੈਸਲਾ ਦੇਂਦੇ ਹੋਏ ਟਰੱਸਟ ਨੂੰ ਹੁਕਮ ਦਿੱਤਾ ਕਿ ਉਸ ਦੇ 5.27 ਲੱਖ ਪ੍ਰਿੰਸੀਪਲ ਅਮਾਊਂਟ ਦੇ ਨਾਲ 12 ਫੀਸਦੀ ਵਿਆਜ, 30 ਹਜ਼ਾਰ ਰੁਪਏ ਹਰਜਾਨਾ ਅਤੇ ਸੱਤ ਹਜ਼ਾਰ ਰੁਪਏ ਲਿਟੀਗੇਸ਼ਨ ਖਰਚ ਦਾ ਭੁਗਤਾਨ ਕੀਤਾ ਜਾਏ, ਜੋ ਕੁੱਲ 12.50 ਲੱਖ ਰੁਪਏ ਬਣਦੇ ਹਨ। ਜ਼ਿਲਾ ਫੋਰਮ ਦੇ ਇਸ ਫੈਸਲੇ ਲਈ ਟਰੱਸਟ ਵੱਲੋਂ ਸਟੇਟ ਕੰਜ਼ਿਊਮਰ ਫੋਰਮ ਵਿੱਚ 10 ਜੂਨ 2019 ਨੂੰ ਅਪੀਲ ਕੀਤੀ, ਪਰ ਸਟੇਟ ਫੋਰਮ ਨੇ ਚਾਰ ਸਤੰਬਰ ਨੂੰ ਉਨ੍ਹਾਂ ਦੀ ਅਪੀਲ ਰੱਦ ਕਰ ਕੇ ਹੁਕਮ ਦਿੱਤਾ ਕਿ ਚੰਦਰ ਕਾਂਤਾ ਦੇ ਸਾਰੇ ਪੈਸੇ ਅਦਾਲਤ ਵਿੱਚ ਜਮ੍ਹਾ ਕਰਵਾਏ ਜਾਣ। ਉਹ ਇਸ ਪੈਸੇ ਨੂੰ ਜਮ੍ਹਾ ਨਹੀਂ ਕਰਵਾ ਸਕੇ ਤਾਂ ਅਦਾਲਤ ਨੇ ਇਸ ਨੂੰ ਆਪਣੀ ਤੌਹੀਨ ਮੰਨ ਕੇ 18 ਨਵੰਬਰ ਨੂੰ ਟਰੱਸਟ ਚੇਅਰਮੈਨ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਅਤੇ ਇੱਕ ਮਹੀਨੇ ਦੇ ਅੰਦਰ ਸਾਰਾ ਪੈਸਾ ਦੇਣ ਨੂੰ ਕਿਹਾ।

## ਪੰਜਾਬ ਦੇ ਨਗਰ ਨਿਗਮਾਂ ਤੇ ਨਗਰ ਕੌਂਸਲਾਂ ਦੀ ਮਿਆਦ ਖ਼ਤਮ

ਚੰਡੀਗੜ੍ਹ, 12 ਮਾਰਚ (ਪੋਸਟ ਬਿਊਰੋ)- ਪੰਜਾਬ ਦੀਆਂ 127 ਨਗਰ ਨਿਗਮਾਂ, ਮਿਉਂਸਪਲ ਕਮੇਟੀਆਂ ਤੇ ਨਗਰ ਕੌਂਸਲਾਂ ਵਿੱਚੋਂ ਦੋ ਨੂੰ ਛੱਡ ਕੇ ਬਾਕੀ ਸਾਰੀਆਂ ਪੰਜ ਸਾਲਾ ਸਮਾਂ ਪੂਰੀ ਕਰ ਚੁੱਕੀਆਂ ਹਨ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਇਨ੍ਹਾਂ ਦੀਆਂ ਫੌਰੀ ਚੋਣਾਂ ਕਰਵਾਉਣ ਦੀ ਥਾਂ ਪ੍ਰਸ਼ਾਸਕ ਲਾਉਣ ਦੀ ਤਿਆਰੀ ਵਿੱਚ ਹੈ। ਇਸ ਸਾਲ ਦੇ ਅਖ਼ੀਰ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਪੰਜਾਹ ਫ਼ੀਸਦੀ ਰਾਖਵਾਂਕਰਨ ਲਾਗੂ ਹੋ ਜਾਵੇਗਾ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਸ਼ਹਿਰਾਂ ਅਤੇ ਲੋਕਲ ਬਾਡੀਜ਼ ਵਾਲੇ ਕਸਬਿਆਂ ਵਿੱਚ ਪਹਿਲਾਂ ਵਿਕਾਸ ਕੰਮ ਕਰਾਉਣ ਅਤੇ ਇਸ ਤੋਂ ਬਾਅਦ ਚੋਣਾਂ ਕਰਾਉਣ ਬਾਰੇ ਸੋਚ ਰਹੀ ਹੈ, ਜਿਸ ਕਾਰਨ ਸਥਾਨਕ ਅਦਾਰਿਆਂ ਦੀਆਂ ਚੋਣਾਂ ਇਸ ਸਾਲ ਦੇ ਅਖ਼ੀਰ ਵਿੱਚ ਹੋਣ ਦੀ ਆਸ ਹੈ। ਨਗਰ ਨਿਗਮਾਂ, ਮਿਉਂਸਿਪਲ ਕਮੇਟੀਆਂ ਅਤੇ ਨਗਰ ਕੌਂਸਲਾਂ ਦੇ ਪ੍ਰਸ਼ਾਸਕ ਲਾਉਣ ਦੀ ਫਾਈਲ ਮੁੱਖ ਮੰਤਰੀ ਕੋਲ ਪੁੱਜ ਚੁੱਕੀ ਹੈ ਅਤੇ ਉਹ ਇਸ ਬਾਰੇ ਲੋਕਲ ਬਾਡੀਜ਼ ਦੇ ਮੰਤਰੀ ਬ੍ਰਹਮ ਮਹਿੰਦਰਾ ਨਾਲ ਸਲਾਹ ਕਰਕੇ ਕਿਸੇ ਵੀ ਸਮੇਂ ਪ੍ਰਸ਼ਾਸਨ ਲਾਉਣ ਲਈ ਹਰੀ ਝੰਡੀ ਦੇ ਸਕਦੇ ਹਨ।

ਪਤਾ ਲੱਗਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਪ੍ਰਸ਼ਾਸਕਾਂ ਦੇ ਅਧੀਨ ਇਨ੍ਹਾਂ ਸ਼ਹਿਰਾਂ ਤੇ ਕਸਬਿਆਂ ਦੇ ਵਿਕਾਸ ਲਈ ਫੰਡ ਖਰਚ ਕੇ ਵਿਕਾਸ ਕਾਰਜ ਤੇਜ਼ੀ ਨਾਲ ਕਰ ਕੇ ਆਪਣਾ ਅਕਸ ਸੁਧਾਰਨ ਦਾ ਯਤਨ ਕਰੇਗੀ ਤੇ ਉਸ ਤੋਂ ਬਾਅਦ ਚੋਣਾਂ ਕਰਵਾਏਗੀ, ਪਰ ਉਸ ਨੂੰ ਪੰਜਾਬ ਮਿਉਂਸਿਪਲ ਐਕਟ ਅਨੁਸਾਰ ਪ੍ਰਸ਼ਾਸਕ ਲਾਉਣ ਪਿੱਛੋਂ ਛੇ ਮਹੀਨਿਆਂ ਦੇ ਅੰਦਰ ਅਕਤੂਬਰ 'ਚ ਚੋਣਾਂ ਕਰਾਉਣੀਆਂ ਪੈਣਗੀਆਂ। ਸਰਕਾਰ ਪੰਚਾਇਤਾਂ ਅਤੇ ਸਥਾਨਕ ਸਰਕਾਰਾਂ ਵਿੱਚ ਔਰਤਾਂ ਲਈ ਪੰਜਾਹ ਫ਼ੀਸਦੀ ਰਾਖਵਾਂਕਰਨ ਲਾਗੂ ਕਰਨ ਦਾ ਐਲਾਨ ਕਰ ਚੁੱਕੀ ਹੈ ਤੇ ਪੰਚਾਇਤੀ ਅਦਾਰਿਆਂ ਦੀਆਂ ਚੋਣਾਂ ਵਿੱਚ ਇਸ ਨੂੰ ਲਾਗੂ ਕੀਤਾ ਜਾ ਚੁੱਕਾ ਹੈ। ਸਥਾਨਕ ਕਮੇਟੀਆਂ ਦੀਆਂ ਚੋਣਾਂ ਵਿੱਚ ਵਾਰਡਬੰਦੀ ਕਰਦੇ ਸਮੇਂ ਪੰਜਾਹ ਫ਼ੀਸਦੀ ਵਾਰਡਾਂ ਵਿੱਚ ਔਰਤਾਂ ਲਈ ਰਾਖਵਾਂਕਰਨ ਕਰਨਾ ਪਵੇਗਾ।

## ਭਾਰਤੀ ਸਟੇਟ ਬੈਂਕ ਨੇ ਐਫ ਡੀ ਦੇ ਵਿਆਜ ਦੇ ਬਾਅਦ ਸੇਵਿੰਗ ਦੀ ਵਿਆਜ਼ ਦਰ ਵੀ ਘਟਾਈ




ਮੁੰਬਈ, 12 ਮਾਰਚ (ਪੋਸਟ ਬਿਊਰੋ)- ਭਾਰਤ ਦੇ ਸਭ ਤੋਂ ਵੱਡੇ ਬੈਂਕ ਭਾਰਤੀ ਸਟੇਟ ਬੈਂਕ (ਐਸ ਬੀ ਆਈ) ਨੇ ਵੱਖ-ਵੱਖ ਸਮੇਂ ਦੀਆਂ ਮਿਆਦੀ ਜਮ੍ਹਾਂ (ਐਫ ਡੀ) ਅਤੇ ਫੰਡਾਂ ਦੀ ਸੀਮਾਂਤ ਲਾਗਤ ਉੱਤੇ ਵਿਆਜ ਦਰਾਂ (ਐਮ ਸੀ ਐਲ ਆਰ) 'ਚ ਕਟੌਤੀ ਦਾ ਐਲਾਨ ਕੀਤਾ ਹੈ ਅਤੇ ਸਾਰੇ ਬੱਚਤ ਖਾਤਿਆਂ ਉੱਤੇ ਵਿਆਜ ਦਰ ਘਟਾ ਕੇ ਤਿੰਨ ਫ਼ੀਸਦੀ ਕਰ ਦਿੱਤੀ ਹੈ। ਇਸ ਦਾ ਅਸਰ ਬੈਂਕ ਦੇ 44.51 ਕਰੋੜ ਖਾਤੇਦਾਰਾਂ 'ਤੇ ਪਵੇਗਾ। ਇਸ ਤੋਂ ਬਿਨਾ ਬੈਂਕ ਨੇ ਬੱਚਤ ਖਾਤਿਆਂ 'ਚ ਘੱਟੋ ਘੱਟ ਬਕਾਇਆ (ਬੈਲੇਂਸ) ਰੱਖਣ ਦੀ ਸ਼ਰਤ ਪੂਰੀ ਤਰ੍ਹਾਂ ਨਾਲ ਹਟਾ ਲਈ ਹੈ।

ਵਰਨਣ ਯੋਗ ਹੈ ਕਿ ਇਸ ਬੈਂਕ ਨੇ ਇੱਕ ਮਹੀਨੇ ਵਿੱਚ ਦੂਸਰੀ ਵਾਰ ਵਿਆਜ ਦਰਾਂ 'ਚ ਕਟੌਤੀ ਕਰ ਕੇ ਥੋੜ੍ਹੇ ਸਮੇਂ ਦੀ ਮਿਆਦੀ ਜਮ੍ਹਾਂ ਪੂੰਜੀ (ਦੋ ਕਰੋੜ ਰੁਪਏ ਤੋਂ ਘੱਟ) ਉੱਤੇ ਵਿਆਜ ਦਰਾਂ 'ਚ 10 ਤੋਂ 50 ਆਧਾਰ ਦੀ ਪੁਆਇੰਟਾਂ ਦੀ ਕਟੌਤੀ ਕੀਤੀ ਹੈ। ਸੱਤ ਦਿਨਾਂ ਤੋਂ 45 ਦਿਨਾਂ ਤੱਕ ਦੀ ਐਫ ਡੀ ਉਤੇ ਵਿਆਜ ਅੱਗੇ ਤੋਂ ਚਾਰ ਫ਼ੀਸਦੀ ਹੋਵੇਗਾ ਜੋ ਪਹਿਲਾਂ ਸਾਢੇ ਚਾਰ ਫ਼ੀਸਦੀ ਸੀ। ਇੱਕ ਸਾਲ ਅਤੇ ਉਸ ਤੋਂ ਵੱਧ ਸਮੇਂ ਦੀ ਐਫ ਡੀ ਉਤੇ ਵਿਆਜ ਦਰ 'ਚ 10 ਆਧਾਰੀ ਅੰਕਾਂ ਦੀ ਕਟੌਤੀ ਕੀਤੀ ਗਈ ਹੈ। ਨਵੀਆਂ ਦਰਾਂ 10 ਮਾਰਚ ਤੋਂ ਲਾਗੂ ਹੋ ਗਈਆਂ ਹਨ। ਅੱਗੇ ਤੋਂ ਇੱਕ ਤੋਂ ਦੋ ਸਾਲ ਤੋਂ ਘੱਟ ਸਮੇਂ ਲਈ ਐਫ ਡੀ ਉੱਤੇ 5.90 ਫ਼ੀਸਦੀ ਵਿਆਜ ਮਿਲੇਗਾ ਅਤੇ ਸੀਨੀਅਰ ਸਿਟੀਜ਼ਨਜ਼ ਨੂੰ ਇਸ ਸਮੇਂ ਲਈ 6.40 ਫ਼ੀਸਦੀ ਵਿਆਜ ਮਿਲੇਗਾ। ਬੈਂਕ ਨੇ 180 ਦਿਨ ਅਤੇ ਉਸ ਤੋਂ ਵੱਧ ਸਮੇਂ ਲਈ ਦੋ ਕਰੋੜ ਰੁਪਏ ਅਤੇ ਉਸ ਤੋਂ ਵੱਧ ਸਮੇਂ ਲਈ ਮਿਆਦੀ ਜਮ੍ਹਾਂ 'ਤੇ ਵਿਆਜ ਦਰ 'ਚ 0.15 ਫ਼ੀਸਦੀ ਦੀ ਕਟੌਤੀ ਕੀਤੀ ਹੈ। ਇੱਕ ਸਾਲ ਅਤੇ ਉਸ ਤੋਂ ਵੱਧ ਸਮੇਂ ਦੀ ਥੋਕ ਜਮ੍ਹਾਂ ਰਕਮ 'ਤੇ ਵਿਆਜ ਦਰ ਅੱਗੇ ਤੋਂ 4.60 ਫ਼ੀਸਦੀ ਹੋਵੇਗੀ ਜੋ ਪਹਿਲਾਂ 4.75 ਫ਼ੀਸਦੀ ਸੀ। ਇਸ ਤੋਂ ਇਲਾਵਾ ਬੈਂਕ ਨੇ ਇੱਕ ਸਾਲ ਦੀ ਐਮ ਸੀ ਐਲ ਆਰ 0.10 ਫ਼ੀਸਦੀ ਘਟਾ ਕੇ 7.75 ਫ਼ੀਸਦੀ ਕਰ ਦਿੱਤੀ ਹੈ। ਤਿੰਨ ਮਹੀਨਿਆਂ ਲਈ ਐਮ ਸੀ ਐਲ ਆਰ 7.65 ਫ਼ੀਸਦੀ ਤੋਂ ਘਟਾ ਕੇ 7.50 ਫ਼ੀਸਦੀ ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਦੋ ਅਤੇ ਤਿੰਨ ਸਾਲ ਲਈ ਐਮ ਸੀ ਐਲ ਆਰ ਨੂੰ 0.10 ਫ਼ੀਸਦੀ ਘਟਾ ਕੇ ਕ੍ਰਮਵਾਰ 7.95 ਅਤੇ 8.05 ਫ਼ੀਸਦੀ ਕਰ ਦਿੱਤਾ ਗਿਆ ਹੈ।

## ਕੇਸਾਂ ਵਿੱਚ ਫਸੀ ਨਸ਼ਾ ਸਮੱਗਲਰ ਔਰਤ ਦੀ ਜਾਇਦਾਦ ਸੀਜ਼

ਬਾਘਾ ਪੁਰਾਣਾ, 12 ਮਾਰਚ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਆਪਣਾ ਅਕਸ ਸੁਧਾਰਨ ਲਈ ਨਸ਼ੇ ਦੇ ਸੌਦਾਗਰਾਂ ਵਿਰੁੱਧ ਵਿੱਢੀ ਮੁਹਿੰਮ ਹੇਠ ਬਾਘਾ ਪੁਰਾਣਾ ਦੀ ਇੱਕ ਨਸ਼ਾ ਸਮੱਗਲਰ ਔਰਤ ਦਾ ਘਰ ਸੀਜ਼ ਕੀਤਾ ਗਿਆ ਹੈ।

ਇਸ ਸੰਬੰਧ ਵਿੱਚ ਡੀ ਐਸ ਪੀ ਕੇਸਰ ਸਿੰਘ ਨੇ ਦੱਸਿਆ ਹੈ ਕਿ ਰਜਨੀ ਬਾਲਾ ਪਤਨੀ ਮਹਿੰਦਰ ਪਾਲ ਅਰੋੜਾ, ਸੰਦੀਪ ਕੁਮਾਰ ਪੁੱਤਰ ਮਹਿੰਦਰ ਪਾਲ ਅਰੋੜਾ ਵਿਰੁੱਧ ਨਸ਼ਾ ਸਮੱਗਲਿੰਗ ਦਾ ਕੇਸ ਸੀ। ਪੁਲਸ ਨੇ ਅਦਾਲਤ ਨੂੰ ਪ੍ਰਾਪਰਟੀ ਅਟੈਚ ਕਰਨ ਦੀ ਅਪੀਲ ਕੀਤੀ ਸੀ। ਡਿਪਾਰਟਮੈਂਟ ਆਫ ਰੈਵੇਨਿਊ ਨਵੀਂ ਦਿੱਲੀ ਵੱਲੋਂ ਪ੍ਰਾਪਰਟੀ ਅਟੈਚ ਕਰਨ ਦੇ ਹੁਕਮ ਮਿਲਣ ਤੋਂ ਬਾਅਦ ਉਨ੍ਹਾਂ ਨੇ ਰਜਨੀ ਬਾਲਾ ਦੀ ਜੱਸੋਵਾਲ ਵਿਚਲੀ ਕੋਠੀ ਨੂੰ ਸੀਜ਼ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਐਸ ਐਸ ਪੀ ਮੋਗਾ ਦੀ ਅਗਵਾਈ ਹੇਠ ਪੁਲਸ ਨੇ ਨਸ਼ਾ ਸਮੱਗਲਰਾਂ ਵਿਰੁੱਧ 26 ਪਰਚੇ ਦਰਜ ਕੀਤੇ ਅਤੇ ਚਾਰ ਕਿੱਲੋ ਹੈਰੋਇਨ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ 15 ਹਜ਼ਾਰ ਨਸ਼ੇ ਦੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ।

## ਐੱਲ ਆਈ ਸੀ ਨਾਲ 18 ਲੱਖ ਦਾ ਧੋਖਾ ਕਰਨ ਵਾਲੇ ਪਤੀ-ਪਤਨੀ ਉੱਤੇ ਕੇਸ ਦਰਜ




ਬਠਿੰਡਾ, 12 ਮਾਰਚ (ਪੋਸਟ ਬਿਊਰੋ)- ਥਾਣਾ ਸਿਵਲ ਲਾਈਨ ਦੀ ਪੁਲਿਸ ਨੇ ਐੱਲ ਆਈ ਸੀ ਨੂੰ 18 ਲੱਖ ਰੁਪਏ ਦਾ ਰਗੜਾ ਲਾਉਣ ਵਾਲੇ ਪਤੀ-ਪਤਨੀ ਦੇ ਖ਼ਿਲਾਫ਼ ਅਮਾਨਤ ਵਿੱਚ ਖਿਆਨਤ ਅਤੇ ਠੱਗੀ ਮਾਰਨ ਦਾ ਕੇਸ ਦਰਜ ਕੀਤਾ ਹੈ। ਪਤੀ-ਪਤਨੀ ਨੇ ਜਾਅਲੀ ਕਾਗਜ਼ਾਂ ਨਾਲ ਐੱਲ ਆਈ ਸੀ ਤੋਂ ਕਰਜ਼ਾ ਲਿਆ ਤੇ ਫਿਰ ਕਿਸ਼ਤਾਂ ਬੰਦ ਕਰ ਦਿੱਤੀਆਂ। ਪੁਲਿਸ ਨੇ ਐੱਲ ਆਈ ਸੀ ਦੇ ਏਰੀਆ ਮੈਨੇਜਰ ਦੀ ਸ਼ਿਕਾਇਤ ਉੱਤੇ ਕਾਰਵਾਈ ਕੀਤੀ ਹੈ।

ਇਸ ਬਾਰੇ ਸਬ ਇੰਸਪੈਕਟਰ ਕਰਮਜੀਤ ਸਿੰਘ ਨੇ ਦੱਸਿਆ ਕਿ ਏਰੀਆ ਮੈਨੇਜਰ ਐੱਲ ਆਈ ਸੀ ਅਸ਼ੀਸ ਗਰਗ ਨੇ ਸ਼ਿਕਾਇਤ ਦਿੱਤੀ ਹੈ ਕਿ ਰਾਕੇਸ਼ ਗੁਪਤਾ ਤੇ ਉਸ ਦੀ ਪਤਨੀ ਗੀਤਾ ਦੇਵੀ ਵਾਸੀ ਮਲੋਟ ਨੇ 19 ਨਵੰਬਰ 2010 ਵਿੱਚ ਮਕਾਨ ਬਣਾਉਣ ਲਈ ਐੱਲ ਆਈ ਸੀ ਤੋਂ 18 ਲੱਖ ਰੁਪਏ ਕਰਜ਼ਾ ਲਿਆ ਸੀ। ਕੁਝ ਕਿਸ਼ਤਾਂ ਭਰਨ ਪਿੱਛੋਂ ਪਤੀ-ਪਤਨੀ ਨੇ ਕਿਸ਼ਤਾਂ ਭਰਨੀਆਂ ਬੰਦ ਕਰ ਦਿੱਤੀਆਂ। ਮੈਨੇਜਰ ਨੇ ਦੱਸਿਆ ਕਿ ਇਸ ਬਾਰੇ ਜਦ ਪੜਤਾਲ ਕੀਤੀ ਗਈ ਤਾਂ ਪਤਾ ਲੱਗਾ ਕਿ ਰਾਕੇਸ਼ ਗੁਪਤਾ ਨੇ ਆਪਣੇ ਆਪ ਨੂੰ ਸਰਕਾਰੀ ਅਧਿਆਪਕ ਦੱਸ ਕੇ ਜ਼ਿਲ੍ਹਾ ਮੁਕਤਸਰ ਸਾਹਿਬ ਦੇ ਪਿੰਡ ਈਨਾਖੇੜਾ ਦੇ ਸਰਕਾਰੀ ਸਕੂਲ ਦਾ ਜਾਅਲੀ ਸੈਲਰੀ ਸਰਟੀਫਿਕੇਟ ਤੇ ਗੀਤਾ ਰਾਣੀ ਨੇ ਆਪਣੇ ਆਪ ਨੂੰ ਬਲਾਕ ਪ੍ਰਾਇਮਰੀ ਐਜੂਕੇਸ਼ਨ ਅਫ਼ਸਰ ਮਲੋਟ ਦੱਸ ਕੇ ਜਾਅਲੀ ਬੈਂਕ ਸਟੇਟਮੈਂਟਾਂ ਦਿੱਤੀਆਂ। ਏਰੀਆ ਮੈਨੇਜਰ ਨੇ ਦੱਸਿਆ ਕਿ ਜਦ ਉਕਤ ਅਦਾਰਿਆਂ ਦੇ ਪ੍ਰਬੰਧਕਾਂ ਤੋਂ ਇਸ ਦੀ ਜਾਣਕਾਰੀ ਲਈ ਤਾਂ ਪਤਾ ਲੱਗਾ ਕਿ ਰਾਕੇਸ਼ ਗੁਪਤਾ ਤੇ ਗੀਤਾ ਦੇਵੀ ਨਾਂ ਦੇ ਵਿਅਕਤੀ ਓਥੇ ਨੌਕਰੀ ਨਹੀਂ ਕਰਦੇ। ਫਿਰ ਇਹ ਵੀ ਪਤਾ ਲੱਗਾ ਕਿ ਦੋਸ਼ੀਆਂ ਦੇ ਪਰਿਵਾਰ ਦਾ ਕੋਈ ਵਿਅਕਤੀ ਕਿਸੇ ਵੀ ਸਰਕਾਰੀ ਅਦਾਰੇ ਵਿੱਚ ਕੰਮ ਨਹੀਂ ਕਰਦਾ। ਇਸੇ ਤਰ੍ਹਾਂ ਉਨ੍ਹਾਂ ਲੋਕਾਂ ਨੇ ਕਰਜ਼ਾ ਲੈਣ ਲਈ ਜਿਹੜੀਆਂ ਜ਼ਮੀਨ ਦੀਆਂ ਜਮ੍ਹਾਂਬੰਦੀਆਂ ਲਾਈਆਂ, ਉਹ ਵੀ ਜਾਅਲੀ ਨਿਕਲੀਆਂ। ਉਕਤ ਪਤੀ-ਪਤਨੀ ਨੇ ਸਾਜਿਸ਼ ਅਧੀਨ ਐੱਲ ਆਈ ਸੀ ਨਾਲ 18 ਲੱਖ ਰੁਪਏ ਦੀ ਠੱਗੀ ਮਾਰੀ ਹੈ। ਪੁਲਿਸ ਅਧਿਕਾਰੀ ਨੇ ਦੱਸਿਆ ਦੋਸ਼ੀਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

## ਸਿਹਤ ਵਿਭਾਗ ਦੀ ਟੀਮ ਦਾ ਨਕਲੀ ਦੇਸੀ ਘਿਓ ਤਿਆਰ ਕਰਨ ਦੀ ਫੈਕਟਰੀ 'ਤੇ ਛਾਪਾ

### * ਢਾਈ ਕੁਇੰਟਲ ਤੋਂ ਵੱਧ ਨਕਲੀ ਘਿਓ ਬਰਾਮਦ

ਚੁਗਿੱਟੀ, 12 ਮਾਰਚ (ਪੋਸਟ ਬਿਊਰੋ)- ਸਿਹਤ ਵਿਭਾਗ ਦੀ ਟੀਮ ਨੇ ਜਲੰਧਰ ਇਨਕਲੇਵ ਵਿਖੇ ਇੱਕ ਫੈਕਟਰੀ ਉਤੇ ਛਾਪੇ ਦੌਰਾਨ ਨਕਲੀ ਘਿਓ ਬਰਾਮਦ ਕਰਕੇ ਉਸ ਦੇ ਮਾਲਕ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਹੈ। ਦੱਸਿਆ ਗਿਆ ਹੈ ਕਿ ਫੈਕਟਰੀ 'ਚੋਂ ਪਾਬੰਦੀਸ਼ੁਦਾ ਕੈਮੀਕਲ ਵੀ ਫੜੇ ਗਏ ਹਨ।

ਇਸ ਬਾਰੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਸੁਰਿੰਦਰ ਨਾਂਗਲ ਨੇ ਦੱਸਿਆ ਕਿ ਇੱਕ ਗੁਪਤ ਸੂਚਨਾ ਉੱਤੇ ਸਿਹਤ ਵਿਭਾਗ ਦੀ ਟੀਮ ਨੇ ਸਥਾਨਕ ਸੂਰੀਆ ਇਨਕਲੇਵ ਦੇ ਨਾਲ ਲਗਦੇ ਰਾਇਲ ਇਨਕਲੇਵ 'ਚ ਐਸ ਵੀ ਟਰੇਡਰ ਕੰਪਨੀ 'ਤੇ ਛਾਪਾ ਮਾਰਿਆ ਤਾਂ ਉਥੋਂ ਢਾਈ ਕੁਇੰਟਲ ਤੋਂ ਵੱਧ ਨਕਲੀ ਦੇਸੀ ਘਿਓ ਬਰਾਮਦ ਹੋਇਆ ਸੀ। ਉਨ੍ਹਾਂ ਕਿਹਾ ਕਿ ਉਸ 'ਚੋਂ ਸੈਂਪਲ ਭਰ ਕੇ ਬਾਕੀ ਸਾਰਾ ਨਸ਼ਟ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਕੁਝ ਅਜਿਹੇ ਕੈਮੀਕਲ ਵੀ ਟੀਮ ਦੇ ਹੱਥ ਲੱਗੇ, ਜਿਨ੍ਹਾਂ ਦੀ ਵਰਤੋਂ ਕੀਤੇ ਜਾਣ ਨਾਲ ਡਾਲਡਾ ਘਿਓ ਦੀ ਖ਼ੁਸ਼ਬੂ ਦੇਸੀ ਘਿਓ ਵਾਂਗ ਹੋ ਜਾਂਦੀ ਸੀ। ਉਨ੍ਹਾਂ ਕਿਹਾ ਕਿ ਕਾਨੂੰਨ ਦੇ ਮੱਦੇਨਜ਼ਰ ਦੇਸੀ ਘਿਓ 'ਚ ਕਿਸੇ ਵੀ ਵਸਤੂ ਦੀ ਮਿਲਾਵਟ ਨਹੀਂ ਕੀਤਾ ਜਾ ਸਕਦੀ, ਜਿਸ ਬਾਰੇ ਸਰਕਾਰ ਦਾ ਆਦੇਸ਼ ਵੀ ਹੈ। ਉਨ੍ਹਾਂ ਕਿਹਾ ਕਿ ਫੈਕਟਰੀ ਮਾਲਕ ਦੀਪਕ ਪੁੱਤਰ ਸੁਭਾਸ਼ ਵਾਸੀ ਗਰੀਨ ਇਨਕਲੇਵ ਡਾਲਡਾ ਘਿਓ 'ਚ ਕੈਮੀਕਲ ਮਿਲਾ ਕੇ ਦੇਸੀ ਘਿਓ ਬਣਾਉਂਦਾ ਅਤੇ ਉਸ ਨੂੰ 400 ਰੁਪਏ ਤੋਂ ਵੱਧ ਦੀ ਕੀਮਤ ਨਾਲ ਬਾਜ਼ਾਰ 'ਚ ਵੇਚਦਾ ਸੀ।

## ਪ੍ਰਮੁੱਖ ਵਪਾਰੀ ਪਰਿਵਾਰ ਦੇ ਸੱਤ ਮੈਂਬਰ ਭੇਦ-ਭਰੀ ਹਾਲਤ ਵਿੱਚ ਲਾਪਤਾ

ਨਿਹਾਲ ਸਿੰਘ ਵਾਲਾ, 12 ਮਾਰਚ (ਪੋਸਟ ਬਿਊਰੋ)- ਮੰਡੀ ਨਿਹਾਲ ਸਿੰਘ ਵਾਲਾ ਦੇ ਇੱਕ ਪ੍ਰਮੁੱਖ ਵਪਾਰੀ ਪਰਵਾਰ ਦੇ ਸੱਤ ਮੈਂਬਰ ਦੇ ਭੇਦ-ਭਰੀ ਹਾਲਤ 'ਚ ਲਾਪਤਾ ਹੋਣ ਦੀ ਖਬਰ ਆਈ ਹੈ।

ਮਿਲੀ ਜਾਣਕਾਰੀ ਅਨੁਸਾਰ ਸ਼ਹਿਰ ਦੇ ਵਪਾਰੀ ਤਰਸੇਮ ਲਾਲ ਪੁੱਤਰ ਵਲੈਤੀ ਰਾਮ (60 ਸਾਲ) ਆਪਣੇ ਪਰਵਾਰ ਸਮੇਤ 10 ਮਾਰਚ ਨੂੰ ਆਪਣੀ ਗੱਡੀ 'ਤੇ ਇਹ ਕਹਿ ਕੇ ਚਲੇ ਗਏ ਕਿ ਅਸੀਂ ਮਾਤਾ ਦੇ ਚੱਲੇ ਹਾਂ ਪਰ ਦੂਸਰੇ ਦਿਨ ਗੱਡੀ ਸ਼ੈਲਰ 'ਤੇ ਪਹੁੰਚ ਗਈ ਤੇ ਪਰਵਾਰ ਭੇਦ-ਭਰੀ ਹਾਲਤ ਵਿੱਚ ਲਾਪਤਾ ਹੋ ਗਿਆ। ਉਸ ਪਰਵਾਰ ਦੇ ਸਾਰੇ ਮੈਂਬਰਾਂ ਦੇ ਫ਼ੋਨ ਬੰਦ ਆ ਰਹੇ ਹਨ। ਭੇਦ-ਭਰੀ ਹਾਲਤ ਵਿੱਚ ਲਾਪਤਾ ਹੋਣ ਵਾਲੇ ਮੈਂਬਰਾਂ ਵਿੱਚ ਤਰਸੇਮ ਲਾਲ ਦੇ ਨਾਲ ਉਸ ਦੀ ਪਤਨੀ ਸੰਤੋਸ਼ ਰਾਣੀ, ਦੋ ਪੁੱਤਰ ਵਰੁਣ (25 ਸਾਲ) ਅਤੇ ਕ੍ਰਿਸਨ ਕੁਮਾਰ (32 ਸਾਲ), ਕ੍ਰਿਸਨ ਕੁਮਾਰ ਦੀ ਪਤਨੀ ਤੇ ਦੋ ਮਸੂਮ ਬੱਚੇ (2 ਤੋਂ 3 ਸਾਲ) ਸ਼ਾਮਲ ਹਨ। ਪਤਾ ਲੱਗਾ ਹੈ ਕਿ ਇਸ ਪਰਵਾਰ ਦੇ ਸੱਤ ਦੇ ਕਰੀਬ ਸ਼ੈਲਰ ਹਨ। ਜਾਣ ਤੋਂ ਪਹਿਲਾਂ ਇਸ ਪਰਵਾਰ ਨੇ ਆਪਣੀ ਕੋਠੀ ਵਿੱਚ ਨੋਟਿਸ ਲਾਇਆ ਹੈ, ਜਿਸ ਵਿੱਚ ਚਾਰ ਜਣਿਆਂ ਦੇ ਨਾਂਅ ਲਿਖੇ ਹਨ ਕਿ ਸਾਡੇ ਤੋਂ ਬਾਅਦ ਸਾਡੇ ਸ਼ੈਲਰਾਂ ਵਿੱਚ ਪਿਆ ਘਾਟਾ ਇਨ੍ਹਾਂ ਤੋਂ ਲਿਆ ਜਾਵੇ। ਜ਼ਿਲ੍ਹਾ ਮੋਗਾ ਦੇ ਐਸ ਪੀ (ਐਚ) ਰਤਨ ਸਿੰਘ ਬਰਾੜ ਅਤੇ ਹੋਰ ਅਧਿਕਾਰੀਆਂ ਵੱਲੋਂ ਇਸ ਘਟਨਾ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

## ਰਾਜ-ਮਾਤਾ ਸਿੰਧੀਆ ਨੇ 52 ਸਾਲ ਪਹਿਲਾਂ ਕਾਂਗਰਸ ਦੀ ਸਰਕਾਰ ਡੇਗੀ ਸੀ

ਭੋਪਾਲ, 12 ਮਾਰਚ (ਪੋਸਟ ਬਿਊਰੋ)- ਕਾਂਗਰਸ ਪਾਰਟੀ ਵਿੱਚ ਤਵੱਜੋਂ ਨਾ ਮਿਲਣ ਤੋਂ ਨਾਰਾਜ਼ ਹੋ ਕੇ ਗਵਾਲੀਅਰ ਰਾਜ ਘਰਾਣੇ ਨਾਲ ਸੰਬੰਧ ਰੱਖਦੀ ਰਾਜਮਾਤਾ ਵਿਜੇਰਾਜੇ ਸਿੰਧੀਆ ਨੇ ਸਾਲ 1967 ਵਿੱਚ ਪਾਰਟੀ ਛੱਡ ਦਿੱਤੀ ਸੀ ਜਿਸ ਕਾਰਨ ਮੱਧ ਪ੍ਰਦੇਸ਼ ਦੀ ਕਾਂਗਰਸ ਸਰਕਾਰ ਡਿੱਗ ਗਈ ਸੀ ਅਤੇ 52 ਸਲ ਬਾਅਦ ਉਨ੍ਹਾਂ ਦੇ ਪੋਤਰੇ ਜਯੋਤਿਰਾਦਿਤਿਆ ਸਿੰਧੀਆ ਵੀ ਇਸ ਪਾਰਟੀ ਤੋਂ ਮਾਯੂਸ ਹੋ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ ਅਤੇ ਮੱਧ ਪ੍ਰਦੇਸ਼ ਦੀ ਕਾਂਗਰਸ ਸਰਕਾਰ 'ਤੇ ਸੰਕਟ ਦੇ ਬੱਦਲ ਛਾ ਗਏ ਹਨ ਤੇ ਸਰਕਾਰ ਬਚਦੀ ਨਹੀਂ ਜਾਪਦੀ।



ਸਿੰਧੀਆ ਪਰਵਾਰ ਨਾਲ ਲੰਬੇ ਸਮੇਂ ਤੋਂ ਜੁੜੇ ਇੱਕ ਵਿਅਕਤੀ ਨੇ ਦੱਸਿਆ ਕਿ ਰਾਜਮਾਤਾ ਵਿਜੇਰਾਜੇ ਸਿੰਧੀਆ ਨੇ ਕਾਂਗਰਸ ਵਿੱਚ ਤਵੱਜੋਂ ਨਾ ਮਿਲਣ ਕਾਰਨ 1967 ਵਿੱਚ ਕਾਂਗਰਸ ਛੱਡੀ ਸੀ। ਜਯੋਤਿਰਾਦਿਤਿਆ ਦੀ ਦਾਦੀ ਰਾਜਮਾਤਾ ਵਿਜੇਰਾਜੇ ਸਿੰਧੀਆ ਦੇਸ਼ ਦੀ ਪਹਿਲੀ ਪ੍ਰਧਾਨ ਮੰਤਰੀ ਅਤੇ ਰਾਹੁਲ ਗਾਂਧੀ ਦੇ ਪੜਨਾਨਾ ਪੰਡਿਤ ਜਵਾਹਰ ਲਾਲ ਨਹਿਰੂ ਦੀ ਬਹੁਤ ਕਰੀਬੀ ਮੰਨੀ ਜਾਂਦੀ ਸੀ। ਵਿਜੇਰਾਜੇ ਨੇ ਆਪਣਾ ਰਾਜਨੀਤਕ ਜੀਵਨ ਸਾਲ 1957 ਵਿੱਚ ਕਾਂਗਰਸ ਤੋਂ ਸ਼ੁਰੂ ਕੀਤਾ ਸੀ ਅਤੇ 10 ਸਾਲ ਇਸ ਵਿੱਚ ਰਹਿਣ ਦੇ ਬਾਅਦ ਸਾਲ 1967 ਵਿੱਚ ਇਸ ਪਾਰਟੀ ਨੂੰ ਅਲਵਿਦਾ ਕਹਿ ਦਿੱਤਾ ਸੀ। ਸਾਲ 1967 ਵਿੱਚ ਲੋਕ ਸਭਾ ਤੇ ਮੱਧ ਪ੍ਰਦੇਸ਼ ਵਿਧਾਨ ਸਭਾ ਲਈ ਇਕੱਠੀਆਂ ਚੋਣਾਂ ਹੋਈਆਂ ਸਨ। ਰਾਜਮਾਤਾ ਇਸ ਸਿਲਸਿਲੇ ਵਿੱਚ ਓਦੋਂ ਦੇ ਮੁੱਖ ਮੰਤਰੀ ਦਵਾਰਕਾ ਪ੍ਰਸਾਦ ਮਿਸ਼ਰਾ ਨੂੰ ਮਿਲਣ ਗਈ ਤਾਂ ਮਿਸ਼ਰਾ ਨੇ ਉਨ੍ਹਾਂ ਨੂੰ ਦੋ ਘੰਟੇ ਉਡੀਕ ਕਰਾਈ ਅਤੇ ਤਦ ਉਨ੍ਹਾਂ ਨਾਲ ਮੁਲਾਕਾਤ ਕੀਤੀ। ਇਸ ਤੋਂ ਉਹ ਖਫਾ ਹੋ ਗਈ ਅਤੇ ਉਨ੍ਹਾਂ ਨੇ ਕਾਂਗਰਸ ਹੀ ਛੱਡ ਦਿੱਤੀ। ਇਸ ਦੇ ਬਾਅਦ ਉਹ ਸਵਤੰਤਰ ਪਾਰਟੀ ਦੇ ਚੋਣ ਨਿਸ਼ਾਨ 'ਤੇ ਸਾਲ 1967 ਵਿੱਚ ਲੋਕ ਸਭਾ ਚੋਣ ਲੜੀ ਤੇ ਜਿੱਤੀ, ਪਰ ਕੁਝ ਦਿਨਾਂ ਬਾਅਦ ਸੂਬੇ ਦੀ ਰਾਜਨੀਤੀ ਕਰਨ ਲਈ ਉਨ੍ਹਾਂ ਨੇ ਪਾਰਲੀਮੈਂਟ ਮੈਂਬਰ ਵਜੋਂ ਅਸਤੀਫਾ ਦੇ ਦਿੱਤਾ ਅਤੇ ਭਾਰਤੀ ਜਨ ਸੰਘ ਵਿੱਚ ਸ਼ਾਮਲ ਹੋ ਕੇ ਮੱਧ ਪ੍ਰਦੇਸ਼ ਦੀ ਕਰੇਰਾ ਵਿਧਾਨ ਸਭਾ ਖੇਤਰ ਤੋਂ ਵਿਧਾਇਕ ਬਣੀ। ਇਸ ਪਿੱਛੋਂ ਉਨ੍ਹਾਂ ਨੇ ਉਸੇ ਸਾਲ ਮਿਸ਼ਰਾ ਦੀ ਸਰਕਾਰ ਡੇਗਣ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੇ ਕਾਂਗਰਸ ਦੇ 36 ਵਿਧਾਇਕ ਤੋੜੇ ਅਤੇ ਗੋਵਿੰਦ ਨਾਰਾਇਣ ਸਿੰਘ ਨੂੰ ਉਨ੍ਹਾਂ ਦੀ ਜਗ੍ਹਾ ਮੁੱਖ ਮੰਤਰੀ ਬਣਵਾਇਆ।

## ਸੋਨੀਆ ਗਾਂਧੀ, ਖ਼ੁਰਸ਼ੀਦ ਤੇ ਭਾਜਪਾ ਆਗੂਆਂ ਉਤੇ ਨਫ਼ਰਤ ਵਾਲੇ ਭਾਸ਼ਣ ਦੇਣ ਦਾ ਦੋਸ਼

### *ਹਾਈ ਕੋਰਟ ਵਿੱਚ ਕੇਸ ਦਰਜ

ਨਵੀਂ ਦਿੱਲੀ, 12 ਮਾਰਚ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਵਿੱਚ ਇੱਕ ਅਪੀਲ ਦਾਇਰ ਕਰਕੇ ਕਾਂਗਰਸੀ ਆਗੂਆਂ ਸੋਨੀਆ ਗਾਂਧੀ, ਸਲਮਾਨ ਖ਼ੁਰਸ਼ੀਦ ਅਤੇ ਭਾਜਪਾ ਆਗੂਆਂ ਅਨੁਰਾਗ ਠਾਕੁਰ ਤੇ ਕਪਿਲ ਮਿਸ਼ਰਾ 'ਤੇ ਨਫ਼ਰਤੀ ਭਾਸ਼ਣ ਦੇਣ ਦਾ ਦੋਸ਼ ਲਾਇਆ ਗਿਆ ਹੈ। ਇਸ ਅਪੀਲ ਵਿੱਚ ਨਫ਼ਰਤੀ ਭਾਸ਼ਣ ਦੇਣ ਵਾਲਿਆਂ ਉੱਤੇ ਕੇਸ ਦਰਜ ਕਰਨ ਅਤੇ ਪਿਛਲੇ ਮਹੀਨੇ ਉੱਤਰ-ਪੂਰਬੀ ਦਿੱਲੀ ਵਿੱਚ ਹੋਏ ਸੰਪਤੀ ਦੇ ਨੁਕਸਾਨ ਦਾ ਪਤਾ ਲਾਉਣ ਲਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾਉਣ ਦੀ ਮੰਗ ਕੀਤੀ ਗਈ ਹੈ। ਦੀਪਕ ਮਦਾਨ ਵੱਲੋਂ ਦਾਇਰ ਇਸ ਅਪੀਲ ਰਾਹੀਂ ਨਫ਼ਰਤੀ ਭਾਸ਼ਣ ਦੇਣ ਵਾਲਿਆਂ ਦੀ ਸੰਪਤੀ ਜ਼ਬਤ ਕਰਕੇ ਅਤੇ ਇਨ੍ਹਾਂ ਨੂੰ ਵੇਚ ਕੇ ਫ਼ਿਰਕੂ ਹਿੰਸਾ ਦਾ ਸ਼ਿਕਾਰ ਹੋਏ ਲੋਕਾਂ ਨੂੰ ਮੁਆਵਜ਼ਾ ਦੇਣ ਦਾ ਸੁਝਾਅ ਦਿੱਤਾ ਗਿਆ ਹੈ। ਇਸ ਅਪੀਲ ਦੇ ਮੁਤਾਬਕ ਰਾਜਸੀ ਆਗੂਆਂ ਵੱਲੋਂ ਦਿੱਤੇ ਨਫ਼ਰਤੀ ਭਾਸ਼ਣ ਨਾ ਸਿਰਫ਼ ਇਤਰਾਜ਼ ਯੋਗ ਸਨ, ਸਗੋਂ ਭੜਕਾਊ ਵੀ ਸਨ, ਜਿਨ੍ਹਾਂ ਕਾਰਨ ਇਹ ਹਿੰਸਾ ਹੋਈ ਸੀ। ਇਸ ਅਪੀਲ ਰਾਹੀਂ ਇਨ੍ਹਾਂ ਆਗੂਆਂ ਨੂੰ ਨਫ਼ਰਤੀ ਭਾਸ਼ਣ ਪੋਸਟ ਕਰਨ ਤੇ ਦੇਸ਼ ਦੀ ਏਕਤਾ ਤੋੜਨ ਦੇ ਦੋਸ਼ ਹੇਠ ਕੌਮੀ ਸੁਰੱਖਿਆ ਕਾਨੂੰਨ ਹੇਠ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਗਈ ਹੈ, ਕਿਉਂਕਿ ਇਨ੍ਹਾਂ ਦੇ ਭਾਸ਼ਣਾਂ ਕਾਰਨ ਉੱਤਰ-ਪੂਰਬੀ ਦਿੱਲੀ ਦੇ ਵੱਖ-ਵੱਖ ਇਲਾਕੇ ਵਿੱਚ ਸੰਪਤੀ ਨੂੰ ਨੁਕਸਾਨ ਪੁੱਜਾ ਸੀ। ਨਾਲ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਨਫ਼ਰਤੀ ਭਾਸ਼ਣ ਦੇਣ ਵਾਲੇ ਆਗੂਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ ਜਦ ਕਿ 'ਇਨ੍ਹਾਂ ਨਫ਼ਰਤੀ ਭਾਸ਼ਣਾਂ ਦਾ ਅਸਰ ਉੱਤਰ-ਪੂਰਬੀ ਤੇ ਪੂਰਬੀ ਦਿੱਲੀ ਅਤੇ ਸ਼ਾਹਦਰਾ ਜ਼ਿਲ੍ਹੇ ਵਿੱਚ ਵੇਖਣ ਨੂੰ ਮਿਲਿਆ ਸੀ, ਜਿੱਥੇ ਦੰਗਿਆਂ ਅਤੇ ਭੀੜ ਵੱਲੋਂ ਕੀਤੇ ਹਮਲਿਆਂ ਕਾਰਨ ਕਈ ਵਿਅਕਤੀਆਂ ਦੀ ਮੌਤ ਹੋਈ ਤੇ ਸੰਪਤੀ ਦਾ ਨੁਕਸਾਨ ਹੋਇਆ ਸੀ।

# ਪੁਤਿਨ ਨੇ ਸਦਾ ਲਈ ਰਾਸ਼ਟਰਪਤੀ ਬਣੇ ਰਹਿਣ ਦਾ ਪ੍ਰਬੰਧ ਕੀਤਾ!

ਮਾਸਕੋ, 12 ਮਾਰਚ (ਪੋਸਟ ਬਿਊਰੋ)- ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਸਾਲ 2036 ਤੱਕ ਆਪਣੇ ਅਹੁਦੇ 'ਤੇ ਰਹਿ ਸਕਦੇ ਹਨ। ਇਸ ਸਮੇਂ ਉਹ 67 ਸਾਲ ਦੇ ਹਨ, ਇਸ ਤਰ੍ਹਾਂ ਉਹ 83 ਸਾਲ ਦੇ ਹੋਣ ਤੱਕ ਰਾਸ਼ਟਰਪਤੀ ਬਣੇ ਰਹਿ ਸਕਦੇ ਹਨ। ਫ਼ੌਜੀ ਸਮਰੱਥਾ 'ਚ ਸੰਸਾਰ ਦੇ ਦੂਜੇ ਸ਼ਕਤੀਸ਼ਾਲੀ ਦੇਸ਼ ਰੂਸ 'ਚ ਇਹ ਸੰਵਿਧਾਨਕ ਬਦਲਾਅ ਕੁਝ ਉਸੇ ਤਰ੍ਹਾਂ ਹੈ, ਜਿਵੇਂ ਦੂਜੇ ਨੰਬਰ ਦੀ ਆਰਥਿਕ ਮਹਾਸ਼ਕਤੀ ਚੀਨ ਵਿੱਚ ਸ਼ੀ ਜਿਨਪਿੰਗ ਦੇ ਰਾਸ਼ਟਰਪਤੀ ਬਣੇ ਰਹਿਣ ਬਾਰੇ ਹੋਇਆ ਸੀ। ਇਸ ਤੋਂ ਸਾਫ ਹੈ ਕਿ ਰੂਸ 'ਚ ਪੁਤਿਨ ਦੀ ਮਜ਼ਬੂਤੀ ਨਾਲ ਅਮਰੀਕਾ 'ਤੇ ਦਬਾਅ ਵਧੇਗਾ। ਵਰਨਣ ਯੋਗ ਹੈ ਕਿ ਰੂਸ 'ਚ ਰਾਸ਼ਟਰਪਤੀ ਵਜੋਂ ਪੁਤਿਨ ਦਾ ਦੂਜਾ ਕਾਰਜਕਾਲ 2024 ਵਿੱਚ ਪੂਰਾ ਹੋਣਾ ਹੈ। ਰੂਸ ਦੀ ਸੰਵਿਧਾਨਕ ਵਿਵਸਥਾ ਮੁਤਾਬਕ ਇੱਕ ਵਿਅਕਤੀ ਵੱਧ ਤੋਂ ਵੱਧ ਦੋ ਵਾਰ ਰਾਸ਼ਟਰਪਤੀ ਬਣ ਸਕਦਾ ਹੈ। ਕੱਲ੍ਹ ਦੇਸ਼ ਦੀ ਸੰਸਦ ਦੇ ਹੇਠਲੇ ਸਦਨ ਡਿਊਮਾ ਨੇ ਮਤਾ ਪਾਸ ਕਰ ਕੇ ਪੁਤਿਨ ਨੂੰ 2036 ਤੱਕ ਰਾਸ਼ਟਰਪਤੀ ਦੇ ਅਹੁਦੇ 'ਤੇ ਬਣੇ ਰਹਿਣ 'ਤੇ ਮੋਹਰ ਲਾ ਦਿੱਤੀ ਹੈ। ਮਤੇ ਦੇ ਸਮਰਥਨ 'ਚ 383 ਵੋਟਾਂ ਪਈਆਂ, ਵਿਰੋਧ 'ਚ ਕੋਈ ਵੋਟ ਨਹੀਂ ਪਈ। 43 ਮੈਂਬਰਾਂ ਨੇ ਵੋਟਿੰਗ 'ਚ ਹਿੱਸਾ ਨਹੀਂ ਲਿਆ ਅਤੇ 24 ਮੈਂਬਰ ਕਾਰਵਾਈ ਤੋਂ ਗ਼ੈਰ ਹਜ਼ਾਰ ਰਹੇ। ਇਸ ਮਤੇ ਨੂੰ ਉੱਪਰਲੇ ਹਾਊਸ ਫੈਡਰਲ ਕੌਂਸਲ 'ਚ ਮਨਜ਼ੂਰੀ ਮਿਲਣ ਤੋਂ ਬਾਅਦ 22 ਅਪ੍ਰੈਲ ਨੂੰ ਜਨਤਾ ਦੀ ਰਾਏ ਜਾਣਨ ਲਈ ਵੋਟਿੰਗ ਹੋਏਗੀ।

# ਅਮਰੀਕਾ ਦੇ ਦੋ-ਤਿਹਾਈ ਹਿੱਸਿਆਂ 'ਚ ਕੋਰੋਨਾ ਵਾਇਰਸ ਫੈਲਿਆ



ਕੈਲੀਫੋਰਨੀਆ, 12 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਨੇ ਅਮਰੀਕਾ ਵਿੱਚ ਇਸ ਤਰ੍ਹਾਂ ਪੈਰ ਪਸਾਰ ਲਏ ਹਨ ਕਿ ਮੁਲਾਜ਼ਮਾਂ ਨੂੰ ਘਰੋਂ ਕੰਮ ਕਰਨ ਦੇ ਲਈ ਕਿਹਾ ਗਿਆ ਹੈ। ਕਈ ਰਾਜਾਂ ਦੇ ਪਬਲਿਕ ਸਕੂਲ ਬੰਦ ਹੋ ਗਏ ਅਤੇ ਉਥੇ ਯੂਨੀਵਰਸਿਟੀਆਂ ਵੀ ਆਨਲਾਈਨ ਕਲਾਸਾਂ ਲਾ ਰਹੀਆਂ ਹਨ। ਇਥੋਂ ਤੱਕ ਕਿ ਚਰਚ ਵਿੱਚ ਸੇਵਾਵਾਂ ਜਾਂ ਪ੍ਰਾਰਥਨਾ ਸਭਾਵਾਂ ਨੂੰ ਵੀ ਓਥੋਂ ਦੇ ਲੋਕ ਸੀਮਤ ਕਰੀ ਜਾ ਰਹੇ ਹਨ।

ਕੈਲੀਫੋਰਨੀਆਂ ਦੇ ਤੱਟ 'ਤੇ ਕੋਰੋਨਾ ਵਾਇਰਸ ਦੇ ਸ਼ੱਕੀ ਯਾਤਰੀਆਂ ਵਾਲਾ ਇੱਕ ਹੋਰ ਕਰੂਜ਼ ਸਮੁੰਦਰੀ ਜਹਾਜ਼ ਪੁੱਜ ਗਿਆ ਹੈ। ਵਿਦੇਸ਼ ਵਿਭਾਗ ਨੇ ਅਮਰੀਕੀ ਲੋਕਾਂ ਨੂੰ ਕਰੂਜ਼ ਸਮੁੰਦਰੀ ਜਹਾਜ਼ਾਂ 'ਤੇ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ ਹੈ। ਜਦੋਂ ਕੋਰੋਨਾ ਵਾਇਰਸ ਅਮਰੀਕਾ ਦੇ ਦੋ-ਤਿਹਾਈ ਹਿੱਸੇ ਵਿੱਚ ਫੈਲ ਗਿਆ ਤਾਂ ਅਮਰੀਕੀ ਲੋਕਾਂ ਨੇ ਇਹ ਖ਼ਤਰਾ ਸਮਝਣਾ ਸ਼ੁਰੂ ਕੀਤਾ ਹੈ। ਨੈਸ਼ਨਲ ਇੰਸਟੀਚਿਊਟ ਆਫ਼ ਐਲਰਜੀ ਤੇ ਛੂਤ ਦੀਆਂ ਬਿਮਾਰੀਆਂ ਦੇ ਡਾਇਰੈਕਟਰ ਡਾ. ਐਂਥਨੀ ਫੌਸੀ ਨੇ ਕਿਹਾ ਕਿ ਅਸੀਂ ਜੋ ਪ੍ਰਸਾਰ ਵੇਖਦੇ ਹਾਂ, ਤੁਹਾਨੂੰ ਪਤਾ ਹੈ ਕਿ ਕੁਝ ਵੀ ਸੰਭਵ ਹੈ। ਸਭ ਤੋਂ ਵੱਡੀ ਚਿੰਤਾ ਬਜ਼ੁਰਗਾਂ ਲਈ ਹੈ, ਖ਼ਾਸਕਰ ਉਨ੍ਹਾਂ ਲਈ ਜਿਨ੍ਹਾਂ 'ਚ ਸ਼ੂਗਰ, ਦਿਲ ਦੀ ਬਿਮਾਰੀ, ਫੇਫੜੇ ਦੀਆਂ ਸਮੱਸਿਆਵਾਂ ਤੇ ਕਮਜ਼ੋਰ ਪ੍ਰਤੀਰੋਧ ਦੀਆਂ ਸਥਿਤੀਆਂ ਹਨ। ਦੂਸਰੇ ਪਾਸੇ ਰਾਸ਼ਟਰਪਤੀ ਡੋਨ-ਾਲਡ ਟਰੰਪ ਨੇ ਕਿਹਾ ਕਿ ਉਹ ਰਾਜਸੀ ਰੈਲੀਆਂ ਕਰਦੇ ਰਹਿਣਗੇ। 3 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਉਨ੍ਹਾਂ ਨੂੰ ਚੁਣੌਤੀ ਦੇਣ ਲਈ ਮੁਕਾ-ਬਲਾ ਕਰ ਰਹੇ ਡੈਮੋਕਰੇਟਸ, ਯੂ ਐਸ ਦੇ ਸੈਨੇਟਰ ਬਰਨੀ ਸੈਂਡਰਜ਼ ਤੇ ਸਾਬਕਾ ਉਪ ਰਾਸ਼ਟਰਪਤੀ ਜੋ ਬਿਡੇਨ ਨੇ ਕਿਸੇ ਮੁਹਿੰਮ ਦਾ ਪ੍ਰੋਗਰਾਮ ਰੱਦ ਨਹੀਂ ਕੀਤਾ।





ਕੋਰੋਨਾ ਵਾਇਰਸ ਦੇ ਡਰ ਕਾਰਨ ਖਾਲੀ ਪਈਆਂ ਅਮਰੀਕਾ ਦੀਆਂ ਸੜਕਾਂ।

# ਬਲਾਤਕਾਰ ਦੇ ਦੋਸ਼ੀ ਫਿਲਮਕਾਰ ਵਿੰਸਟਿਨ ਨੂੰ 23 ਸਾਲ ਕੈਦ

ਨਿਊ ਯਾਰਕ, 12 ਮਾਰਚ (ਪੋਸਟ ਬਿਊਰੋ)- ਘਿਨੌਣੇ ਬਲਾਤਕਾਰ ਅਤੇ ਯੌਨ ਸ਼ੋਸ਼ਣ ਦੇ ਦੋ ਕੇਸਾਂ ਵਿੱਚ ਨਿਊ ਯਾਰਕ ਦੀ ਕੋਰਟ ਨੇ ਹਾਲੀਵੁੱਡ ਦੇ ਮਸ਼ਹੂਰ ਫਿਲਮਕਾਰ ਹਾਰਵੇ ਵਿੰਸਟਿਨ ਨੂੰ 23 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਉਸ ਨੂੰ ਦੋ ਹਫਤੇ ਪਹਿਲਾਂ ਦੋਵਾਂ ਕੇਸਾਂ ਦਾ ਦੋਸ਼ੀ ਠਹਿਰਾਇਆ ਗਿਆ ਸੀ।

ਅਮਰੀਕਾ ਵਿੱਚ ਕਈ ਬਲਾਕ ਬਸਟਰ ਫਿਲਮਾਂ ਦੇ ਨਿਰਮਾਤਾ ਰਹੇ ਵਿੰਸਟਿਨ ਦਾ ਮਾਮਲਾ ਜਦੋਂ ਖੁੱਲ੍ਹਿਆ ਤਾਂ ਕਈ ਦੇਸ਼ਾਂ ਦੀਆਂ 100 ਤੋਂ ਵੱਧ ਅਭਿਨੇਤਰੀਆਂ ਅਤੇ ਔਰਤਾਂ ਨੇ ਸਾਹਮਣੇ ਆ ਕੇ ਆਪਣੀ ਹੱਡਬੀਤੀ ਦੁਨੀਆ ਨੂੰ ਦੱਸੀ। ਇਸ ਬਾਰੇ ਵਿੰਸਟਿਨ ਨੇ ਪਹਿਲਾਂ ਦੋਸ਼ਾਂ ਤੋਂ ਇਨਕਾਰ ਕੀਤਾ, ਪਰ ਬਾਅਦ ਵਿੱਚ ਕਿਹਾ ਕਿ ਉਸ ਨੇ ਸਹਿਮਤੀ ਨਾਲ ਯੌਨ ਸੰਬੰਧ ਬਣਾਏ ਸਨ। ਇਸ ਦੇ ਬਾਅਦ ਦੁਨੀਆ ਵਿੱਚ 'ਮੀ ਟੂ' ਮੁਹਿੰਮ ਸ਼ੁਰੂ ਹੋਈ ਜਿਸ ਵਿੱਚ ਕਈ ਦੇਸ਼ਾਂ ਵਿੱਚ ਨਾਮੀ ਲੋਕਾਂ ਵੱਲੋਂ ਕੀਤੇ ਗਏ ਯੌਨ ਸ਼ੋਸ਼ਣ ਦੀ ਕਹਾਣੀ ਸਾਹਮਣੇ ਆਈ ਸੀ।

ਜਿਨ੍ਹਾਂ ਦੋ ਕੇਸਾਂ ਵਿੱਚ ਵਿੰਸਟਿਨ ਨੂੰ ਸਜ਼ਾ ਸੁਣਾਈ ਗਈ ਹੈ, ਉਨ੍ਹਾਂ ਵਿੱਚੋਂ ਇੱਕ ਵਿੱਚ ਉਸਾ ਨੇ ਆਪਣੀ ਪ੍ਰੋਡਕਸ਼ਨ ਅਸਿਸਟੈਂਟ ਮਿਮੀ ਹੈਲੀ ਦਾ ਯੌਨ ਸ਼ੋਸ਼ਣ ਕੀਤਾ ਸੀ। ਦੂਸਰੇ ਮਾਮਲੇ ਵਿੱਚ ਵਿੰਸਟਿਨ ਨੇ ਹੀਰੋਇਨ ਬਣਨ ਦੀ ਕੋਸ਼ਿਸ਼ ਕਰ ਰਹੀ ਜੈਸਿਕਾ ਮਾਨ ਨਾਲ ਬਲਾਤਕਾਰ ਕੀਤਾ। ਇਨ੍ਹਾਂ ਕੇਸਾਂ ਵਿੱਚ ਉਸ ਨੂੰ ਵੱਧ ਤੋਂ ਵੱਧ 29 ਸਾਲ ਕੈਦ ਦੀ ਸਜ਼ਾ ਹੋ ਸਕਦੀ ਹੈ। ਸਜ਼ਾ ਦੇ ਐਲਾਨ ਸਮੇਂ ਜੱਜ ਜੇਮਸ ਬਰਕ ਨੇ ਬਚਾਅ ਪੱਖ ਦੀਆਂ ਉਨ੍ਹਾਂ ਦਲੀਲਾਂ ਨੂੰ ਰੱਦ ਕਰ ਦਿੱਤਾ ਜਿਸ ਵਿੱਚ ਕਿਹਾ ਗਿਆ ਸੀ ਕਿ ਵਿੰਸਟਿਨ ਦੀ ਸਿਹਤ ਬਹੁਤ ਖਰਾਬ ਹੈ, ਇਸ ਲਈ ਉਸ ਨੂੰ ਪੰਜ ਸਾਲ ਦੀ ਸਜ਼ਾ ਦਿੱਤੀ ਜਾਏ। ਸਜ਼ਾ ਦੇ ਐਲਾਨ ਦੇ ਸਮੇਂ ਉਹ ਛੇ ਔਰਤਾਂ ਕੋਰਟ ਵਿੱਚ ਮੌਜੂਦ ਸਨ, ਜਿਨ੍ਹਾਂ ਨੇ ਵਿੰਸਟਿਨ ਦੇ ਖਿਲਾਫ ਗਵਾਹੀ ਦਿੱਤੀ ਸੀ।

# ਬ੍ਰਿਟੇਨ ਵੱਲੋਂ ਵੀਜ਼ਾ ਫੀਸ ਵਿੱਚ ਭਾਰੀ ਵਾਧਾ

ਲੰਡਨ, 12 ਮਾਰਚ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਲੰਬੇ ਸਮੇਂ ਦੀ ਵੀਜ਼ਾ ਫੀਸ ਵਿਚ ਭਾਰੀ ਵਾਧਾ ਕੀਤਾ ਗਿਆ ਹੈ। ਇਸ ਕਦਮ ਨਾਲ ਭਾਰਤੀ ਵੀ ਪ੍ਰਭਾਵਤ ਹੋਣਗੇ। ਬ੍ਰਿਟੇਨ ਦੇ ਪਹਿਲੇ ਭਾਰਤ ਵੰਸ਼ੀ ਵਿੱਤ ਮੰਤਰੀ ਰਿਸ਼ੀ ਸੁਨਕ ਨੇ ਆਪਣੇ ਪਹਿਲੇ ਬਜਟ ਵਿਚ ਭਾਰਤ ਸਮੇਤ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਵਿਦੇਸ਼ੀਆਂ ਲਈ ਵੀਜ਼ਾ ਮਹਿੰਗਾ ਕਰ ਕੇ ਲਾਜ਼ਮੀ ਸਿਹਤ ਫੀਸ ਵਿਚ ਭਾਰੀ ਵਾਧੇ ਦਾ ਐਲਾਨ ਕੀਤਾ ਹੈ। ਇੰਫੋਸਿਸ ਦੇ ਮੋਢੀ ਨਾਰਾਇਣ ਮੂਰਤੀ ਦੇ ਜਵਾਈ ਸੁਨਕ ਨੂੰ ਪਿਛਲੇ ਮਹੀਨੇ ਵਿੱਤ ਮੰਤਰੀ ਬਣਾਇਆ ਗਿਆ ਸੀ। ਸੁਨਕ ਨੇ ਇਮੀਗ੍ਰੇਸ਼ਨ ਹੈਲਥ ਸਰਚਾਰਜ (ਆਈ ਐੱਚ ਐੱਸ) ਚਾਰਜਿਜ਼ 624 ਪੌਂਡ (ਕਰੀਬ 60 ਹਜ਼ਾਰ ਰੁਪਏ) ਕਰਨ ਦਾ ਐਲਾਨ ਕੀਤਾ ਹੈ। 39 ਸਾਲਾ ਸੁਨਕ ਨੇ ਪਾਰਲੀਮੈਂਟ ਦੇ ਹੇਠਲੇ ਸਦਨ ਹਾਊਸ ਆਫ ਕਾਮਨਜ਼ ਵਿਚ ਬੁੱਧਵਾਰ ਆਪਣੇ ਬਜਟ ਭਾਸ਼ਣ ਵਿਚ ਕਿਹਾ ਕਿ ਪਰਵਾਸੀ ਸਾਡੀ ਨੈਸ਼ਨਲ ਹੈਲਥ ਸਰਵਿਸ (ਐੱਨ ਐੱਚ ਐੱਸ) ਦਾ ਲਾਭ ਉਠਾਉਂਦੇ ਹਨ। ਅਸੀਂ ਸਾਰੇ ਚਾਹੁੰਦੇ ਹਾਂ ਕਿ ਉਹ ਅਜਿਹਾ ਕਰਦੇ ਰਹਿਣ, ਪ੍ਰੰਤੂ ਇਹ ਵੀ ਸਹੀ ਹੈ ਕਿ ਲੋਕ ਜੋ ਕੁਝ ਪਾਉਂਦੇ ਹਨ, ਉਸ ਦਾ ਭੁਗਤਾਨ ਵੀ ਕਰਨ। ਪਹਿਲਾਂ ਵੀ ਸਰਚਾਰਜ ਹੈ, ਪ੍ਰੰਤੂ ਇਹ ਲੋਕਾਂ ਨੂੰ ਮਿਲਣ ਵਾਲੇ ਲਾਭ ਨੂੰ ਪੂਰੀ ਤਰ੍ਹਾਂ ਨਹੀਂ ਦਰਸਾਉਂਦਾ ਹੈ। ਇਸ ਲਈ ਅਸੀਂ ਆਈ ਐੱਚ ਐਸ ਨੂੰ ਵਧਾ ਰਹੇ ਹਾਂ।

ਇਸ ਵਾਧੇ ਦੀ ਆਸ ਓਦੋਂ ਤੋਂ ਕੀਤੀ ਜਾ ਰਹੀ ਸੀ ਜਦੋਂ ਪਿਛਲੇ ਸਾਲ ਦਸੰਬਰ ਵਿਚ ਆਮ ਚੋਣਾਂ ਵਿਚ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਇਸ ਨੂੰ ਸ਼ਾਮਲ ਕੀਤਾ ਸੀ। ਵਿਦੇਸ਼ੀ ਵਿਦਿਆਰਥੀਆਂ ਦੇ ਲਈ ਆਈ ਐੱਚ ਐੱਸ 300 ਪੌਂਡ (ਕਰੀਬ 28 ਹਜ਼ਾਰ ਰੁਪਏ) ਤੋਂ ਵਧਾ ਕੇ 470 ਪੌਂਡ ਕਰਨ ਦੀ ਤਿਆਰੀ ਹੋ ਗਈ ਹੈ। ਬ੍ਰਿਟੇਨ ਵਿੱਚ ਇਮੀਗ੍ਰੇਸ਼ਨ ਹੈਲਥ ਸਰਚਾਰਜ ਪਹਿਲੀ ਵਾਰ ਅਪ੍ਰੈਲ 2015 ਵਿਚ ਪੇਸ਼ ਕੀਤਾ ਗਿਆ ਸੀ ਅਤੇ ਦਸੰਬਰ 2018 ਵਿਚ ਇਸ ਨੂੰ 200 ਪੌਂਡ (ਕਰੀਬ 19 ਹਜ਼ਾਰ ਰੁਪਏ) ਤੋਂ ਵਧਾ ਕੇ 400 ਪੌਂਡ ਕਰ ਦਿੱਤਾ ਗਿਆ ਸੀ।




ਹੈਲਪਰ ਦੀ ਲੋੜ ਹੈ
Construction Company
FULL TIME WORK
416-618-3358 | 905-789-7783


# ਬੈਂਜਾਮਿਨ ਨੇਤਨਯਾਹੂ ਨੇ ਸਪਲਾਈ ਬਾਰੇ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਤੋਂ ਮਦਦ ਮੰਗੀ



ਯੇਰੂਸ਼ਲਮ, 12 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਹਿਰ ਕਾਰਨ ਵਿਸ਼ਵ ਦੀਆਂ ਆਰਥਿਕ ਸਰਗਰਮੀਆਂ ਤੇ ਜ਼ਰੂਰੀ ਸਾਮਾਨ ਦੀ ਸਪਲਾਈ ਦੀਆਂ ਚਿੰਤਾਵਾਂ ਕਾਰਨ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਸਪਲਾਈ ਬਾਰੇ ਕਈ ਦੇਸ਼ਾਂ ਉੱਤੇ ਨਿਰਭਰ ਹੈ ਅਤੇ ਉਨ੍ਹਾਂ ਨੇ ਇਸ ਬਾਰੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕੀਤੀ ਹੈ। ਨੇਤਨਯਾਹੂ ਨੇ ਪੱਤਰਕਾਰਾਂ ਨੂੰ ਗੱਲਬਾਤ ਦੌਰਾਨ ਕਿਹਾ ਕਿ ਮੈਂ ਆਪਣੇ ਦੋਸਤ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕੀਤੀ ਹੈ। ਅਸੀਂ ਵੱਖ-ਵੱਖ ਤਰ੍ਹਾਂ ਦੇ ਸਾਮਾਨ ਦੀ ਸਪਲਾਈ ਬਾਰੇ ਕਈ ਦੇਸ਼ਾਂ ਉੱਤੇ ਨਿਰਭਰ ਹਾਂ। ਅਸੀਂ ਹਰ ਸਮੇਂ ਇਸ ਉੱਤੇ ਨਜ਼ਰ ਰੱਖ ਰਹੇ ਹਾਂ। ਉਂਜ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਜਾਰੀ ਬਿਆਨ ਵਿਚ ਇਹ ਗੱਲ ਸਪੱਸ਼ਟ ਨਹੀਂ ਕੀਤੀ ਗਈ ਕਿ ਨੇਤਨਯਾਹੂ ਅਤੇ ਮੋਦੀ ਵਿਚਾਲੇ ਕਿਸ ਵਿਸ਼ੇ ਉੱਤੇ ਗੱਲਬਾਤ ਹੋਈ, ਪਰ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਮੋਦੀ ਤੋਂ ਮਦਦ ਮੰਗੀ ਹੈ। ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਦੀ ਅਰਥ-ਵਿਵਸਥਾ ਕਈ ਦੇਸ਼ਾਂ ਦੀ ਤੁਲਨਾ ਵਿਚ ਚੰਗੀ ਸਥਿਤੀ ਵਿਚ ਹੈ। ਸਾਡੇ ਇੱਥੇ ਬੇਰੁਜ਼ਗਾਰੀ ਘੱਟ ਤੇ ਵਿਕਾਸ ਦਰ ਉੱਚੀ ਹੈ। ਉਨ੍ਹਾਂ ਕਿਹਾ ਕਿ ਸਾਡੇ ਇੱਥੇ ਇਕ ਵੱਡੀ ਚੁਣੌਤੀ ਹੈ ਜਿਸ ਨੂੰ ਅਸੀਂ ਸਾਰੇ ਮਹਿਸੂਸ ਕਰਦੇ ਹਾਂ ਅਤੇ ਜਿਸ ਨੂੰ ਅਸੀਂ ਸਾਰੇ ਜਾਣਦੇ ਹਾਂ। ਸਾਨੂੰ ਲੱਗਦਾ ਹੈ ਕਿ ਅਸੀਂ ਇਸ ਨਾਲ ਸ਼ਾਂਤੀ ਦੇ ਨਾਲ ਸਫਲਤਾ ਪੂਰਵਕ ਨਿਪਟ ਸਕਦੇ ਹਾਂ। ਨੇਤਨਯਾਹੂ ਨੇ ਕੋਰੋਨਾ ਵਾਇਰਸ ਤੋਂ ਪੈਦਾ ਹੋ ਰਹੀਆਂ ਚੁਣੌਤੀਆਂ ਦੇ ਦੌਰਾਨ ਆਰਥਿਕ ਸਰਗਰਮੀਆਂ ਲਈ 10 ਕਰੋੜ ਐੱਨ ਆਈ ਐੱਸ (ਲਗਪਗ 2.86 ਅਰਬ ਡਾਲਰ) ਦੇ ਪੈਕੇਜ ਦਾ ਵੀ ਐਲਾਨ ਕੀਤਾ ਹੈ। ਇਸ ਆਰਥਿਕ ਪੈਕੇਜ ਨਾਲ ਸਿਹਤ, ਸੈਰ-ਸਪਾਟਾ ਅਤੇ ਸ਼ਹਿਰੀ ਹਵਾਬਾਜ਼ੀ ਦੇ ਇਲਾਵਾ ਹੋਰ ਖੇਤਰਾਂ ਵਿਚ ਪੈਣ ਵਾਲੇ ਪ੍ਰਭਾਵ ਦੀ ਹਾਨੀ ਪੂਰਤੀ ਕੀਤੀ ਜਾਵੇਗੀ।




Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 | +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਨਾਈ ਸਿੱਖ ਲੜਕਾ, ਕਲੀਨ ਸ਼ੇਵਡ, ਉੱਮਰ 34 ਸਾਲ, ਕੱਦ 6 ਫੁੱਟ, ਕੈਨੇਡੀਅਨ ਸਿਟੀਜਨ, ਸ਼ਾਕਾ ਹਾਰੀ, ਨਸ਼ਾ ਰਹਿਤ, ਵੈਲ ਸੈਟਲਡ, ਆਪਣਾ ਕਾਰੋਬਾਰ, ਤਲਾਕਸ਼ੁਦਾ ਲਈ ਖਾਨਦਾਨੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ, ਵਰਕ ਪਰਮਟ,ਵੀਜ਼ੇਟਰ ਵੀਜ਼ੇ ਤੇ ਆਏ ਜਾਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-524-8713

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com


Check our Free E-paper at:
www.canadianpunjabipost.ca



ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ


## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 | 416-494-9943


Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710


UPPAL LAW



AVTAR UPPAL
Manager

IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters

OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters



AMAN UPPAL
Barrister,Solicitor

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
FREE Consultation
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ
416.230.4000 • 647.409.1092
www.STARLANEPAINTING.com

# ਗੀਤਾ ਸ਼ਰਮਾ ਨੇ ਪੰਜਾਬ ਐਗਰੋ ਫੂਡ ਗਰੇਨ ਕਾਰਪੋਰੇਸ਼ਨ ਦੇ ਚੇਅਰਪਰਸਨ ਵਜੋਂ ਅਹੁਦਾ ਸੰਭਾਲਿਆ

ਚੰਡੀਗੜ੍ਹ, 12 ਮਾਰਚ (ਗਿਆਨ ਸਿੰਘ): ਪੰਜਾਬ ਬ੍ਰਾਹਮਣ ਸਭਾ ਦੀ ਮਹਿਲਾ ਵਿੰਗ ਦੀ ਪ੍ਰਧਾਨ ਗੀਤਾ ਸ਼ਰਮਾ ਨੇ ਇੱਥੇ ਪੰਜਾਬ ਦੇ ਮੁੱਖ ਮੰਤਰੀ ਦੇ ਸਲਾਹਕਾਰ ਭਰਤ ਇੰਦਰ ਸਿੰਘ ਚਹਿਲ ਦੀ ਹਾਜ਼ਰੀ ਵਿੱਚ ਪੰਜਾਬ ਐਗਰੋ ਫੂਡ ਗਰੇਨ ਕਾਰਪੋਰੇਸ਼ਨ ਦੇ ਚੇਅਰਪਰਸਨ ਵਜੋਂ ਅਹੁਦਾ ਸੰਭਾਲਿਆ।



ਚਹਿਲ ਨੇ ਗੀਤਾ ਸ਼ਰਮਾ ਨੂੰ ਉਨ੍ਹਾਂ ਦੀ ਨਵੀਂ ਨਿਯੁਕਤੀ 'ਤੇ ਵਧਾਈ ਦਿੰਦਿਆਂ ਉਮੀਦ ਜਤਾਈ ਕਿ ਉਨ੍ਹਾਂ ਦੀ ਯੋਗ ਅਗਵਾਈ ਹੇਠ ਫੂਡ ਗਰੇਨ ਕਾਰਪੋਰੇਸ਼ਨ ਖੇਤਰ ਹੋਰ ਉਤਸ਼ਾਹਤ ਹੋਵੇਗਾ ਜਿਸ ਦਾ ਸਿੱਧਾ ਫਾਇਦਾ ਕਿਸਾਨਾਂ ਨੂੰ ਹੋਵੇਗਾ। ਗੀਤਾ ਸ਼ਰਮਾ ਨੇ ਇਹ ਜ਼ਿੰਮੇਵਾਰੀ ਦੇਣ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਕਾਰਪੋਰੇਸ਼ਨ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਲਈ ਆਪਣੀ ਯੋਗਤਾ ਤੇ ਸਮਰੱਥਾ ਨਾਲ ਸੰਸਥਾ ਦੀ ਸੇਵਾ ਕਰਨਗੇ। ਉਨ੍ਹਾਂ ਮੁੱਖ ਮੰਤਰੀ ਨੂੰ ਭਰੋਸਾ ਦਿੱਤਾ ਕਿ ਉਹ ਚੇਅਰਪਰਸਨ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਅਤੇ ਫਰਜ਼ਾਂ ਨੂੰ ਪੂਰੀ ਲਗਨ, ਇਮਾਨਦਾਰੀ ਅਤੇ ਵਚਨਬੱਧਤਾ ਨਾਲ ਨਿਭਾਉਣਗੇ।

ਖੇਡ, ਯੁਵਕ ਸੇਵਾਵਾਂ ਤੇ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਉਚੇਚੇ ਤੌਰ 'ਤੇ ਗੀਤਾ ਸ਼ਰਮਾ ਨੂੰ ਅਹੁਦਾ ਸੰਭਾਲਣ ਤੋਂ ਪਹਿਲਾਂ ਮਿਲ ਕੇ ਸ਼ੁਭ ਕਾਮਨਾਵਾਂ ਦਿੱਤੀਆਂ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੇ ਐਮ.ਡੀ. ਮਨਜੀਤ ਸਿੰਘ ਬਰਾੜ, ਪੰਜਾਬ ਦੇ ਰਾਜ ਸੂਚਨਾ ਕਮਿਸ਼ਨਰ ਸੰਜੀਵ ਗਰਗ, ਪੰਜਾਬ ਬ੍ਰਾਹਮਣ ਸਭਾ ਦੇ ਪ੍ਰਧਾਨ ਸ਼ੇਖਰ ਸ਼ੁਕਲਾ, ਉਪ ਪ੍ਰਧਾਨ ਵੀ.ਕੇ.ਵੈਦ ਤੇ ਰੋਹਿਤ ਸ਼ਰਮਾ ਵੀ ਹਾਜ਼ਰ ਸਨ।

# ਸਾਂਝ ਕੇਂਦਰ ਮੋਗਾ ਵਿੱਚ ਕੀਤਾ ਨਸ਼ਾ ਵਿਰੋਧੀ ਸੈਮੀਨਾਰ



ਮੋਗਾ, 12 ਮਾਰਚ (ਗਿਆਨ ਸਿੰਘ): ਪੰਜਾਬ ਸਰਕਾਰ ਵੱਲੋ ਨਸ਼ਿਆ ਵਿਰੁੱਧ ਵਿੱਢੀ ਮੁਹਿੰਮ ਤਹਿਤ ਸੀਨੀਅਰ ਕਪਤਾਨ ਪੁਲਿਸ ਮੋਗਾ ਸ਼੍ਰੀ ਹਰਮਨਬੀਰ ਸਿੰਘ, ਗਿੱਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਨਸ਼ਾ ਵਿਰੋਧੀ ਸੈਮੀਨਾਰ/ਮੀਟਿੰਗ ਸਾਂਝ ਕੇਂਦਰ ਥਾਣਾ ਸਿਟੀ ਮੋਗਾ ਵਿੱਚ ਕੀਤੀ ਗਈ। ਇਸ ਮੀਟਿੰਗ ਵਿੱਚ 50 ਦੇ ਕਰੀਬ ਵਿਅਕਤੀ ਅਤੇ ਔਰਤਾ ਸ਼ਾਮਲ ਹੋਏ ਜਿੰਨ੍ਹਾ ਵਿੱਚ ਡੈਪੋ ਅਤੇ ਹੋਰ ਸਮਾਜ ਸੇਵੀ ਸੰਸਥਾਵਾ ਨੇ ਹਿੱਸਾ ਲਿਆ

ਇਸ ਮੀਟਿੰਗ ਦੀ ਪ੍ਰਧਾਨਗੀ ਉਪ ਮੰਡਲ ਮੈਜਿਸਟ੍ਰੇਟ ਮੋਗਾ ਸਤਵੰਤ ਸਿੰਘ ਅਤੇ ਪਰਮਜੀਤ ਸਿੰਘ ਸੰਧੂ ਉੱਪ ਕਪਤਾਨ ਪੁਲਿਸ ਸਿਟੀ ਮੋਗਾ ਵੱਲੋ ਕੀਤੀ ਗਈ। ਇਸ ਮੀਟਿੰਗ ਵਿੱਚ ਇੰਸਪੈਕਟਰ ਗੁਰਪ੍ਰੀਤ ਸਿੰਘ ਮੁੱਖ ਅਫਸਰ ਥਾਣਾ ਸਿਟੀ ਮੋਗਾ, ਇੰਸਪੈਕਟਰ ਦਿਲਬਾਗ ਸਿੰਘ ਇੰਚਾਰਜ ਸੀ.ਪੀ.ਆਰ.ਸੀ ਸੈਂਟਰ ਮੋਗਾ, ਮਨਿੰਦਰ ਸਿੰਘ ਨਾਇਬ ਤਹਿਸੀਲਦਾਰ ਮੋਗਾ ਨੇ ਭਾਗ ਲਿਆ।

ਇਸ ਮੀਟਿੰਗ ਵਿੱਚ ਅਸ਼ੋਕ ਧਮੀਜਾ ਐਮ.ਸੀ ਵਾਰਡ ਨੰਬਰ 11 ਪ੍ਰਧਾਨ ਯੂਥ ਵੈਲਫੇਅਰ ਕਲੱਬ ਮੋਗਾ, ਹਰਿੰਦਰ ਸਿੰਘ ਪ੍ਰਧਾਨ ਏਕਨੂਰ ਸੇਵਾ ਵੈਲਫੇਅਰ ਸੋਸਾਇਟੀ ਮੋਗਾ, ਰਾਜੇਸ਼ ਕੁਮਾਰ ਡੈਪੋ ਵਾਰਡ ਨੰਬਰ 11, ਸੰਜੀਵ ਬੱਠਲਾ ਡੈਪੋ ਵਾਰਡ ਨੰਬਰ 14, ਮਨੋਹਰ ਲਾਲ ਪੋਪਲੀ ਪ੍ਰਧਾਨ ਸ਼ਿਵਪੁਰੀ ਸਵਰਗ ਆਸ਼ਰਮ ਬੇਅੰਤ ਨਗਰ ਮੋਗਾ, ਜਸਪਾਲ ਸਿੰਘ ਪ੍ਰਧਾਨ ਰਿਕਸ਼ਾ ਯੂਨੀਅਨ ਮੋਗਾ, ਰੇਨੂੰ ਬਾਲਾ ਡੈਪੋ ਵਾਰਡ ਨੰਬਰ 46 ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਇਸਤਰੀ ਵਿੰਗ ਮੋਗਾ, ਪਰਮਜੀਤ ਕੌਰ ਡੈਪੋ ਵਾਰਡ ਨੰਬਰ 40 ਸੰਤ ਹਰਦੇਵ ਸਿੰਘ ਨਗਰ ਦੁੱਨੇਕੇ, ਸਤਪਾਲ ਪ੍ਰਧਾਨ ਯੂਨਾਈਟਡ ਨੌਰਦਰਨ ਇੰਡੀਆ, ਸੋਨੂੰ ਝਾਬ, ਜੋਨੀ ਝਾਬ ਅਰੋੜ੍ਹਾ ਬਰਾਦਰੀ ਮੋਗਾ ਸਮੇਤ ਭਾਰੀ ਗਿਣਤੀ ਵਿੱਚ ਡੈਪੋ ਅਤੇ ਹੋਰ ਵਿਅਕਤੀਆ ਨੇ ਭਾਗ ਲਿਆ।

ਇਸ ਮੀਟਿੰਗ ਦੌਰਾਨ ਉਪ ਮੰਡਲ ਮੈਜਿਸਟ੍ਰੇਟ ਮੋਗਾ ਸ਼੍ਰੀ ਸਤਵੰਤ ਸਿੰਘ ਵੱਲੋ ਨਸ਼ੇ ਦੇ ਮਾਰੂ ਪ੍ਰਭਾਵਾ ਬਾਰੇ ਚਰਚਾ ਕੀਤੀ ਅਤੇ ਨਸ਼ਾ ਖਾਣ ਵਾਲੇ ਵਿਅਕਤੀਆ ਦਾ ਨਸ਼ਾ ਛੁਡਾਉਣ ਲਈ ਸਰਕਾਰ ਵੱਲੋ ਹਰ ਸਹਿਯੋਗ ਦੇਣ ਬਾਰੇ ਹਾਜਰ ਡੈਪੋ ਨੂੰ ਜਾਣਕਾਰੀ ਦਿੱਤੀ ਗਈ ਅਤੇ ਅਪੀਲ ਕੀਤੀ ਗਈ ਕਿ ਜੇਕਰ ਕੋਈ ਵਿਅਕਤੀ ਨਸ਼ਾ ਕਰਦਾ ਹੋਣ ਬਾਰੇ ਪਤਾ ਲੱਗਦਾ ਹੈ ਤਾ ਉਸਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਸਬੰਧਤ ਵਿਅਕਤੀ ਨੂੰ ਉਹਨਾਂ ਪਾਸ ਲਿਆਦਾ ਜਾਵੇ ਤਾ ਜੋ ਪੀੜ੍ਹਤ ਵਿਅਕਤੀ ਦੇ ਇਲਾਜ ਲਈ ਸਰਕਾਰ ਵੱਲੋ ਜਾਰੀ ਹਦਾਇਤਾ ਅਤੇ ਕੀਤੇ ਗਏ ਉਪਰਾਲਿਆ ਅਨੁਸਾਰ ਓਟ ਸੈਂਟਰ ਵਿੱਚ ਲਿਜਾ ਕੇ ਉਸਦੀ ਦਵਾਈ ਚਾਲੂ ਕਰਾ ਕੇ ਛੁਡਾਇਆ ਜਾ ਸਕੇ।

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ਼ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਵਿੰਟੇਜ ਨੰਬਰਾਂ ਦੀ ਠੱਗੀ ਦਾ ਇੱਕ ਹੋਰ ਕੇਸ ਜ਼ਾਹਰ ਹੋ ਗਿਆ

*** ਘਰ ਵਿੱਚ ਖੜ੍ਹੇ ਮੋਟਰ ਸਾਈਕਲ ਦਾ ਨੰਬਰ ਵੇਚਿਆ**



ਜਲੰਧਰ, 12 ਮਾਰਚ (ਪੋਸਟ ਬਿਊਰੋ)- ਆਰ ਟੀ ਏ (ਰੀਜਨਲ ਟਰਾਂਸਪੋਰਟ ਅਥਾਰਟੀ) ਦੇ ਦਫਤਰ ਵਿੱਚ ਕਿਸ ਤਰ੍ਹਾਂ ਭ੍ਰਿਸ਼ਟਾਚਾਰ ਨੇ ਪੈਰ ਪਸਾਰੇ ਹੋਏ ਹਨ, ਇਸ ਦੀ ਹਕੀਕਤ ਵਿੰਟੇਜ ਨੰਬਰਾਂ ਦੇ ਘਪਲੇ ਤੋਂ ਸਾਹਮਣੇ ਆ ਰਹੀ ਹੈ। ਕਈ ਪੁਰਾਣੇ ਵਾਹਨਾਂ ਦੇ ਛੋਟੇ ਵਿੰਟੇਜ ਨੰਬਰਾਂ ਨੂੰ ਵਿਭਾਗ ਦੇ ਕਾਰਿੰਦੇ ਬੌਬੀ ਅਤੇ ਏਜੰਟ ਕਾਲੜਾ ਨੇ ਸੈਟਿੰਗ ਕਰ ਕੇ ਮਰਜ਼ੀ ਨਾਲ ਅਮੀਰਜ਼ਾਦਿਆਂ ਨੂੰ ਵੇਚ ਕੇ ਖੁਦ ਕਰੋੜਾਂ ਰੁਪਏ ਕਮਾ ਲਏ ਹਨ।

ਵਿੰਟੇਜ ਨੰਬਰਾਂ ਦੇ ਇਸ ਘਪਲੇ ਦਾ ਇੱਕ ਹੋਰ ਬਾਹਰ ਆਇਆ ਹੈ, ਜਿਸ ਵਿੱਚ ਪੀੜਤ ਕਾਂਗਰਸ ਪਾਰਟੀ ਦੇ ਨੌਜਵਾਨ ਆਗੂ ਜਗਦੀਪ ਸਿੰਘ ਸੋਨੂੰ ਹਨ। ਸੋਨੂੰ ਨੇ ਦੱਸਿਆ ਕਿ ਉਨ੍ਹਾਂ ਦਾ ਬੁਲੇਟ ਮੋਟਰ ਸਾਈਕਲ 1983 ਮਾਡਲ ਦਾ ਹੈ ਅਤੇ ਉਨ੍ਹਾਂ ਦੇ ਘਰ ਖੜ੍ਹਾ ਹੈ। ਉਸ 'ਤੇ ਨੰਬਰ ਪੀ ਯੂ ਜੀ 27 ਲੱਗਾ ਹੈ। ਕੁਝ ਮਹੀਨਿਆਂ ਤੋਂ ਉਸ ਦੀ ਰਜਿਸਟਰੇਸ਼ਨ (ਆਰ ਸੀ) ਨਹੀਂ ਮਿਲ ਰਹੀ ਸੀ, ਇਸ ਲਈ ਉਹ ਮੋਟਰ ਸਾਈਕਲ ਬਾਹਰ ਨਹੀਂ ਕੱਢ ਰਹੇ ਸਨ। ਇੱਕ ਦਿਨ ਕਿਸੇ ਨੇ ਉਨ੍ਹਾਂ ਨੂੰ ਦੱਸਿਆ ਕਿ ਤੁਹਾਡੇ ਮੋਟਰ ਸਾਈਕਲ ਦਾ ਨੰਬਰ ਕਿਸੇ ਵੱਡੀ ਕਾਰ 'ਤੇ ਲੱਗਾ ਹੈ। ਇਸ ਬਾਰੇ ਜਦੋਂ ਉਨ੍ਹਾਂ ਆਰ ਟੀ ਏ ਦਫਤਰ ਜਾ ਕੇ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਉਨ੍ਹਾਂ ਦੇ ਮੋਟਰ ਸਾਈਕਲ ਦਾ ਨੰਬਰ ਉਨ੍ਹਾਂ ਨੂੰ ਦੱਸਿਆਂ ਬਗੈਰ ਕਿਸੇ ਨੇ ਤਿੰਨ ਲੱਖ ਰੁਪਏ ਵਿੱਚ ਕਿਸੇ ਕਾਰੋਬਾਰੀ ਦੀ ਕਾਰ ਉੱਤੇ ਲਵਾ ਦਿੱਤਾ ਹੈ। ਜਾਂਚ ਵਿੱਚ ਪਤਾ ਲੱਗਾ ਕਿ ਇਹ ਸਾਰਾ ਧੰਦਾ ਏਜੰਟ ਕਾਲੜਾ ਅਤੇ ਬੌਬੀ ਨੇ ਕੀਤਾ ਹੈ। ਬੌਬੀ ਖੁਦ ਵਿਦੇਸ਼ ਭੱਜ ਚੁੱਕਾ ਹੈ। ਉਸ ਦੇ ਏਜੰਟ ਕਾਲੜਾ ਨੇ ਸੋਨੂੰ ਨੂੰ ਕਿਹਾ ਕਿ ਉਹ ਉਸ ਕੋਲੋਂ ਮੋਟਰ ਸਾਈਕਲ ਖਰੀਦ ਲਵੇਗਾ ਅਤੇ ਉਸ ਦਾ ਮੁਆਵਜ਼ਾ ਦੇ ਦੇਵੇਗਾ, ਪਰ ਕਈ ਮਹੀਨਿਆਂ ਤੋਂ ਉਸ ਨੂੰ ਲਾਰੇ ਲਾਏ ਜਾਂਦੇ ਰਹੇ ਹਨ। ਸੋਨੂੰ ਨੇ ਕਿਹਾ ਕਿ ਕੱਲ੍ਹ ਉਹ ਇਸ ਮਾਮਲੇ

# ਲੁਧਿਆਣੇ ਦੇ ਵਿਧਾਇਕ ਬੈਂਸ ਨੇ ਬਿਜਲੀ ਖਪਤਕਾਰਾਂ ਦੇ ਕੱਟੇ ਜਾ ਚੁੱਕੇ ਕੁਨੈਕਸ਼ਨ ਜੋੜੇ



ਜਲੰਧਰ, 12 ਮਾਰਚ (ਪੋਸਟ ਬਿਊਰੋ)- ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਕੱਲ੍ਹ ਜਲੰਧਰ ਦੇ ਬਿਜਲੀ ਖਪਤਕਾਰਾਂ ਦੇ ਬਿਜਲੀ ਦਾ ਬਿੱਲ ਅਦਾ ਨਾ ਕਰਨ ਕਰ ਕੇ ਪਾਵਰਕਾਮ ਵੱਲੋਂ ਕੱਟੇ ਗਏ ਕੁਨੈਕਸ਼ਨ ਆਪ ਹੀ ਜੋੜ ਦਿੱਤੇ। ਸਿਮਰਜੀਤ ਸਿੰਘ ਬੈਂਸ ਅਤੇ ਉਨ੍ਹਾਂ ਦੇ ਸਾਥੀਆਂ ਨੇ ਸੂਰਿਆ ਇਨਕਲੇਵ ਅਤੇ ਲੰਮਾ ਪਿੰਡ ਚੌਕ ਇਲਾਕੇ 'ਚ 20 ਦੇ ਕਰੀਬ ਖਪਤਕਾਰਾਂ ਦੇ ਬਿਜਲੀ ਕੁਨੈਕਸ਼ਨ ਜਾ ਕੇ ਜੋੜੇ।

ਇਸ ਸਬੰਧੀ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਕੈਪਟਨ ਸਰਕਾਰ ਨੇ ਬਿਜਲੀ ਇੰਨੀ ਮਹਿੰਗੀ ਕਰ ਦਿੱਤੀ ਹੈ ਕਿ ਲੋਕਾਂ ਲਈ ਬਿੱਲ ਦੀ ਅਦਾਇਗੀ ਕਰਨਾ ਮੁਸ਼ਕਲ ਹੈ, ਜਿਸ ਕਾਰਨ ਲੋਕ ਬਿੱਲ ਭਰਨ ਤੋਂ ਅਸਮਰਥ ਹਨ। ਉਨ੍ਹਾਂ ਕਿਹਾ ਕਿ ਮਹਿੰਗੀ ਬਿਜਲੀ ਕਾਰਨ ਜਿਨ੍ਹਾਂ ਲੋਕਾਂ ਦੇ ਕੁਨੈਕਸ਼ਨ ਕੱਟੇ ਗਏ ਸਨ, ਉਹ ਜੋੜੇ ਗਏ ਹਨ। ਇਸ ਮੌਕੇ ਉਨ੍ਹਾ ਨੇ ਮਹਿੰਗੀ ਬਿਜਲੀ ਦੇਣ ਉਤੇ ਸਾਬਕਾ ਤੇ ਮੌਜੂਦਾ ਪੰਜਾਬ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਪਹਿਲਾਂ ਅਕਾਲੀ ਦਲ ਦੀ ਸਰਕਾਰ ਨੇ ਵੱਡੀਆਂ ਬਿਜਲੀ ਕੰਪਨੀਆਂ ਨਾਲ ਜੋ ਸਮਝੌਤੇ ਕੀਤੇ ਸਨ, ਉਸੇ ਤਰ੍ਹਾਂ ਕਾਂਗਰਸ ਪਾਰਟੀ ਲੋਕਾਂ ਨੂੰ ਲੁੱਟ ਰਹੀ ਹੈ। ਇਸ ਦਾ ਲਾਭ ਵੱਡੀਆਂ ਕੰਪਨੀਆਂ ਤੇ ਵੱਡੇ ਘਰਾਣਿਆਂ ਨੂੰ ਮਿਲਦਾ ਹੈ ਤੇ ਸਜ਼ਾ ਪੰਜਾਬ ਦੇ ਲੋਕ ਭੁਗਤ ਰਹੇ ਹਨ। ਉਨ੍ਹਾਂ ਕਿਹਾ ਕਿ ਪਾਵਰਕਾਮ ਵੱਲੋਂ ਕੱਟੇ ਗਏ ਕੁਨੈਕਸ਼ਨ ਜੋੜਨ ਦੀ ਸ਼ੁਰੂਆਤ ਅੱਜ ਜਲੰਧਰ ਤੋਂ ਕੀਤੀ ਗਈ ਹੈ, ਜੋ ਪੂਰੇ ਪੰਜਾਬ ਵਿੱਚ ਚੱਲੇਗੀ। ਉਨ੍ਹਾਂ ਕਿਹਾ ਕਿ ਲੋਕ ਇਨਸਾਫ ਪਾਰਟੀ ਲੋਕਾਂ ਦੇ ਨਾਲ ਖੜ੍ਹੀ ਹੈ।

# ਸੰਡਰੀ ਚਾਰਜ ਲਾ ਕੇ ਇੱਕ ਲੱਖ ਦਾ ਬਿੱਲ ਭੇਜਣ ਉੱਤੇ ਪਾਵਰਕਾਮ ਨੂੰ 15 ਹਜ਼ਾਰ ਜੁਰਮਾਨਾ ਲੱਗਾ

ਜਲੰਧਰ, 12 ਮਾਰਚ (ਪੋਸਟ ਬਿਊਰੋ)- ਬਿਜਲੀ ਦੇ ਬਿੱਲਾਂ ਵਿੱਚ ਬਿਨਾਂ ਸਬੂਤ ਦੇ ਪੈਸੇ ਜੋੜ ਕੇ ਭੇਜਣ ਦੇ ਕਈ ਮਾਮਲੇ ਸਾਹਮਣੇ ਆ ਜਾਂਦੇ ਹਨ। ਅਜਿਹੇ ਇੱਕ ਕੇਸ ਵਿੱਚ ਪੰਜਾਬ ਸਟੇਟ ਇਲੈਕਟ੍ਰੀਸਿਟੀ ਬੋਰਡ ਨੇ ਖਪਤਕਾਰ ਨੂੰ ਸੰਡਰੀ ਚਾਰਜ ਲਾ ਕੇ ਇੱਕ ਲੱਖ ਰੁਪਏ ਤੋਂ ਵੱਧ ਦਾ ਬਿਜਲੀ ਬਿੱਲ ਭੇਜਿਆ ਤਾਂ ਜ਼ਿਲਾ ਕੰਜ਼ਿਊਮਰ ਫੋਰਮ ਨੇ ਪਰੂਫ ਨਾ ਕਰ ਸਕਣ 'ਤੇ ਪਾਵਰਕਾਮ ਨੂੰ 15 ਹਜ਼ਾਰ ਜੁਰਮਾਨੇ ਦੇ ਨਾਲ ਬਿਜਲੀ ਬਿੱਲ ਰੱਦ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਨਿਊ ਗੋਬਿੰਦ ਨਗਰ ਦੇ ਵਸਨੀਕ ਕੁਲਦੀਪ ਸਿੰਘ ਨੂੰ ਸਾਲ 2014 ਨੂੰ 6640 ਰੁਪਏ ਦਾ ਬਿੱਲ ਭੇਜਿਆ ਗਿਆ ਸੀ, ਜਿਸ ਨੂੰ ਕੁਲਦੀਪ ਸਿੰਘ ਦੇ ਦਫਤਰ ਵਿੱਚ ਜਮ੍ਹਾ ਕਰਵ-ਾਇਆ, ਪਰ ਪਾਵਰਕਾਮ ਨੇ 17 ਫਰਵਰੀ 2015 ਨੂੰ ਸੰਡਰੀ ਚਾਰਜ ਦਾ ਜ਼ਿਕਰ ਕਰ ਕੇ 1,07,712 ਲੱਖ ਰੁਪਏ ਦਾ ਬਿਜਲੀ ਬਿੱਲ ਭੇਜ ਦਿੱਤਾ। ਕੁਲਦੀਪ ਸਿੰਘ ਨੇ 2229 ਰੁਪਏ ਦਾ ਕੰਜਪਸ਼ਨ ਬਿੱਲ ਸਟੇਟ ਬੈਂਕ ਆਫ ਇੰਡੀਆ ਵਿੱਚ ਚੈੱਕ ਦੇ ਨਾਲ ਜਮ੍ਹਾ ਕਰਵਾਇਆ ਤਾਂ ਪਾਵਰਕਾਮ ਨੇ ਅਗਲਾ ਬਿੱਲ 88,994 ਦਾ ਭੇਜ ਦਿੱਤਾ। ਚਾਰਜ ਪੁੱਛਣ 'ਤੇ ਪਾਵਰਕਾਮ ਨੇ ਪੁਰਾਣਾ ਮੀਟਰ ਖਰਾਬ ਹੋਣ ਤੇ ਨਵੇਂ ਮੀਟਰ ਵਿੱਚ ਉਸ ਦੀ ਰੀਡਿੰਗ ਐਡ ਕਰਨ ਦੀ ਗੱਲ ਕਹੀ। ਇਸ ਉੱਤੇ ਕੁਲਦੀਪ ਸਿੰਘ ਨੇ ਐਡਵੋਕੇਟ ਅਰੁਣ ਪੁਰੀ ਦੇ ਰਾਹੀਂ ਤਿੰਨ ਅਕਤੂਬਰ 2017 ਨੂੰ ਜ਼ਿਲਾ ਕੰਜ਼ਿਊਮਰ ਫੋਰਮ ਵਿੱਚ ਕੇਸ ਦਾਇਰ ਕਰ ਦਿੱਤਾ। ਫੋਰਮ ਦੇ ਪ੍ਰੈਜ਼ੀਡੈਂਟ ਕਰਨੈਲ ਸਿੰਘ ਅਤੇ ਮੈਂਬਰ ਜਯੋਤਸਨਾ ਨੇ ਕੁਲਦੀਪ ਦੇ ਹੱਕ ਵਿੱਚ ਫੈਸਲਾ ਸੁਣਾਇਆ ਅਤੇ ਪਾਵਰਕਾਮ ਨੂੰ 15 ਹਜ਼ਾਰ ਰੁਪਏ ਮੁਆਵਜ਼ਾ ਅਤੇ ਪੰਜ ਹਜ਼ਾਰ ਰੁਪਏ ਵਕੀਲ ਖਰਚ ਦੇ ਅਦਾ ਕਰਨ ਦੇ ਹੁਕਮ ਦਿੱਤੇ।

# ਪੀ ਐੱਫ ਆਈ ਦਾ ਪ੍ਰਧਾਨ ਅਤੇ ਸਕੱਤਰ ਸ਼ਾਹੀਨ ਬਾਗ ਕੇਸ ਵਿੱਚ ਗ੍ਰਿਫ਼ਤਾਰ

ਨਵੀਂ ਦਿੱਲੀ, 12 ਮਾਰਚ (ਪੋਸਟ ਬਿਊਰੋ)- ਦਿੱਲੀ ਪੁਲਿਸ ਦੀ ਸਪੈਸ਼ਲ ਸੈਲ ਨੇ ਪਾਪੂਲਰ ਫਰੰਟ ਆਫ ਇੰਡੀਆ ਦੇ ਪ੍ਰਧਾਨ ਪਰਵੇਜ਼ ਤੇ ਸਕੱਤਰ ਇਲਿਆਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਸੂਤਰਾਂ ਮੁਤਾਬਕ ਇਹ ਗ੍ਰਿਫ਼ਤਾਰੀ ਸ਼ਾਹੀਨ ਬਾਗ ਵਿਚ ਚੱਲਦੇ ਪ੍ਰਦਰਸ਼ਨ ਵਿਚ ਦੋਵੇਂ ਦਾ ਲਿੰਕ ਮਿਲਣ ਉੱਤੇ ਕੀਤੀ ਗਈ ਹੈ। ਵਰਨਣ ਯੋਗ ਹੈ ਕਿ ਸ਼ਾਹੀਨ ਬਾਗ ਵਿਚ ਚੱਲਦੇ ਪ੍ਰਦਰਸ਼ਨ ਦੀ ਫੰਡਿੰਗ ਦੇ ਕੇਸ ਵਿਚ ਦਿੱਲੀ ਪੁਲਿਸ ਦੀ ਕ੍ਰਾਈਮ ਬ੍ਰਾਂਚ ਪਿਛਲੇ ਕਾਫੀ ਸਮੇਂ ਤੋਂ ਜਾਂਚ ਕਰ ਰਹੀ ਹੈ। ਦਿੱਲੀ ਪੁਲਿਸ ਦੇ ਮੁਤਾਬਕ ਸੀ ਬੀ ਆਈ ਅਤੇ ਈ ਡੀ ਤੋਂ ਪਿੱਛੋਂ ਦਿੱਲੀ ਪੁਲਿਸ ਦੀ ਸਪੈਸ਼ਲ ਸੈੱਲ ਟੀਮ ਨੇ ਪੀ ਐਫ ਆਈ ਨਾਲ ਜੁੜਦੇ ਕੇਸ ਵਿਚ ਵੱਡੀ ਕਾਰਵਾਈ ਕੀਤੀ ਹੈ। ਪੀ ਐਫ ਆਈ ਦੇ ਸਕੱਤਰ ਨੂੰ ਦਿੱਲੀ ਪੁਲਿਸ ਦੇ ਸਪੈਸ਼ਲ ਸੈਲ ਨੇ ਗ੍ਰਿਫ਼ਤਾਰ ਕੀਤਾ ਹੈ, ਜਿਸ ਦਾ ਨਾਂ ਇਲਿਆਸ ਹੈ।

# ਅਖੌਤੀ ਬਾਬੇ ਨੇ ਭਾਜਪਾ ਆਗੂ ਦੀ ਪਤਨੀ ਦੀਆਂ ਦੋ ਲੱਖ ਦੀਆਂ ਚੂੜੀਆਂ ਲੁਹਾ ਲਈਆਂ

ਮੋਗਾ, 12 ਮਾਰਚ (ਪੋਸਟ ਬਿਊਰੋ)- ਅੰਧ ਵਿਸ਼ਵਾਸ ਕਾਰਨ ਭੋਲੇ ਭਾਲੇ ਲੋਕ ਤਾਂ ਆਪਣੀਆਂ ਕਮਜ਼ੋਰੀਆਂ, ਅਮੀਰ ਹੋਣ ਦੇ ਲਾਲਚ, ਭੋਲੇਪਣ ਅਤੇ ਤਰਕਹੀਣ ਸੁਭਾਅ ਕਾਰਨ ਬਾਬਿਆਂ ਹੱਥੋਂ ਲੁੱਟੇ ਜਾਂਦੇ ਹਨ, ਪਰ ਇਥੇ ਇੱਕ ਬਾਬੇ ਨੇ ਬਾਘਾ ਪੁਰਾਣਾ ਦੇ ਸਿਆਸੀ ਆਗੂ ਨੂੰ ਹੀ ਕੌਤਕਾਂ ਨਾਲ ਵਰਗਲਾ ਕੇ ਲੁੱਟ ਲਿਆ ਹੈ। ਬਾਘਾ ਪੁਰਾਣਾ ਦੇ ਭਾਜਪਾ ਆਗੂ ਤੇ ਪੰਜਾਬ ਖਾਦੀ ਬੋਰਡ ਦੇ ਸਾਬਕਾ ਚੇਅਰਮੈਨ ਅਸ਼ੋਕ ਤਲਵਾੜ ਨਾਲ ਜੰਡ ਪੂਜਾ ਕਰਨ ਜਾ ਰਹੇ ਸਨ ਕਿ ਬਾਜ਼ਰ ਦੇ ਮੁਦਕੀ ਰੋਡ ਮੇਨ ਚੌਕ ਵਿੱਚ ਇੱਕ ਔਰਤ ਅਤੇ ਤਿੰਨ ਵਿਅਕਤੀਆਂ ਨੇ ਉਨ੍ਹਾਂ ਨੂੰ ਰੋਕ ਕੇ ਗੱਲਾਂ ਵਿੱਚ ਲਾ ਲਿਆ ਅਤੇ ਉਨ੍ਹਾਂ ਵਿੱਚੋਂ ਇੱਕ ਨੂੰ 'ਕਰਾਮਾਤੀ ਬਾਬਾ' ਦੱਸਿਆ। ਉਸ ਬਾਬੇ ਨੇ ਤਲਵਾੜ



ਜੋੜੀ ਨੂੰ ਲਾਲ ਰੁਮਾਲ ਦਿੱਤਾ ਅਤੇ ਰੁਮਾਲ ਦੀ ਪੋਟਲੀ ਬਣਾ ਕੇ ਉਨ੍ਹਾਂ ਦੇ ਹੱਥ ਫੜਾ ਦਿੱਤੀ। ਉਸ ਨੇ ਕਿਹਾ ਕਿ ਇਹ ਪੋਟਲੀ ਘਰ ਜਾ ਕੇ ਖੋਲ੍ਹਣੀ ਹੈ ਅਤੇ ਪੋਟਲੀ ਖੁੱਲ੍ਹਦਿਆਂ ਸਾਰ ਉਨ੍ਹਾਂ ਦੀ ਬੱਲੇ-ਬੱਲੇ ਹੋ ਜਾਵੇਗੀ। ਰੁਮਾਲ ਫੜਦਿਆਂ ਹੀ ਤਲਵਾੜ ਜੋੜਾ ਬੇਹੋਸ਼ੀ ਦੀ ਹਾਲਤ ਵਿੱਚ ਹੋ ਗਿਆ ਤੇ ਠੱਗਾਂ ਨੇ ਬੀਬੀ ਤਲਵਾੜ ਦੀਆਂ ਬਾਹਾਂ ਵਿੱਚ ਪਾਈਆਂ ਚਾਰ ਤੋਲੇ ਸੋਨੇ ਦੀਆਂ ਵੰਗਾਂ ਉਤਾਰ ਲਈਆਂ ਤੇ ਹੋਰ ਸੋਨਾ ਲੁੱਟਣ ਦੀ ਕੋਸ਼ਿਸ਼ ਵੀ ਕੀਤੀ ਪਰ ਸਫ਼ਲ ਨਾ ਹੋ ਸਕੇ। ਮਗਰੋਂ ਜਦੋਂ ਤਲਵਾੜ ਜੋੜੇ ਨੇ ਘਰ ਪੁੱਜ ਕੇ ਪੋਟਲੀ ਖੋਲ੍ਹੀ ਤਾਂ ਉਸ ਵਿੱਚੋਂ ਪੱਥਰ ਨਿਕਲੇ।

REXDALE BODY SHOP
USED CAR SALE
CHEEMA
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Carte WEALTH MANAGEMENT INC. KANG TAX & FINANCIAL SERVICES
Personal and Corporate Tax Filings**
RDSP, RESP, RRSP, TFSA Plans*
Life, Critical, Disability, Visitor Insurance***
FREE Tax Filing For New Immigrants
416-271-4877
Sukhwinder Kang (M.Sc. CFP) Financial Advisor
2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE
e-mail:sukhwinder.kang@cartewm.com
* Mutual funds provided by Carte Wealth Management Inc.
** Tax planning and filings provided by Kang Tax & Financial Services
***Insurance sold through Carte Risk Management Inc., Financial Horizon and Aaxel Insurance.

ਬਿਜਲੀ ਦਾ ਕੋਈ ਵੀ ਛੋਟਾ ਜਾਂ ਵੱਡਾ ਕੰਮ
FOR ALL KINDS OF ELECTRICAL WORK
Indoor / Outdoor POT LIGHTS
INDOOR ਜਾਂ OUTDOOR LED POT LIGHTS ਲਗਵਾਉਣ ਤੇ DIMMER FREE ਲਗਵਾਉ
★ Industrial Lighting / Automation
★ Residential/ Commercial/ Industrial
★ Basement / Custom Homes Wiring
★ Service Panel Upgrading
★ Fire Alarm / Security System
★ Drive way Lights
★ CCTV Camera
★ UPS & Battery Banks
Contact: Nirmal Johal
Certified Technician
647-716-2677


AAHA FOODS
Presents
Rajnigandha
Silver Pearls
From the makers of Rajnigandha.
100 years old trusted Brand
"Silver coated Cardamom"
AAHA FOODS
Unit No. 2, 1850 Ellesmere Road, Scarborough, ON M1H 2V5 Canada
+1 416-925-6339, +1 416-666-8525, +1 647-831-9149
Fax: 647-351-7157, Email: siva@srimi.com , ram@srimi.com
www.aahafoods.ca aahafoodscanada


CANADA PLANS TO WELCOME
1 MILLION IMMIGRANTS BY 2021
Follow a career that knows no borders.
SELIM KOYUNCU, RCIC
Immigration Consultant
Diploma Program, 2010
ICCRC ACCREDITED EDUCATIONAL PROGRAM
IMMIGRATION CONSULTANT DIPLOMA PROGRAM
Join one of the country's leading immigration practitioner programs and become a regulated Canadian immigration consultant.
FULL-TIME | PART-TIME | LIVE ONLINE
The IMCD program is eligible for Canada Student Loans.
Visit AshtonCollege.ca for more information.
HUMAN RESOURCES MANAGEMENT DIPLOMA | BOOKKEEPING CERTIFICATE
RED SEAL EXAM PREP COURSES
Ashton
Vancouver | Abbotsford | LIVE Online
ashtoncollege.ca


ਇੰਮੀਗਰੇਸ਼ਨ ਸੰਬੰਧੀ ਧੋਖਿਆਂ ਤੋਂ ਬੱਚੋ !
ਆਪਣੇ ਆਪ ਅਤੇ ਆਪਣੇ
ਪਰਿਵਾਰ ਨੂੰ ਸੁੱਰਖਿਅਤ ਕਰੋ !
ਹਮੇਸ਼ਾਂ ਇਸ ਗੱਲ ਨੂੰ ਯਾਦ ਰੱਖੋ ਕਿ ਤੁਹਾਡਾ
ਇੰਮੀਗਰੇਸ਼ਨ ਸਲਾਹਕਾਰ ਸਰਕਾਰ ਨਾਲ
ਲਾਇਸੰਸਸ਼ੁਦਾ ਹੈ ।
ਜੇ ਸਲਾਹਾਕਾਰ ਦਾ ਨਾਮ ਸਰਕਾਰ ਦੀ ਵੈਬਸਾਇਟ ਤੇ ਨਹੀ ਉਸ ਨੂੰ ਕੈਨੇਡੀਆਨ
ਇੰਮੀਗਰੇਸ਼ਨ ਸੰਬਧੀ ਸਲਾਹਕਾਰ ਦੇਣ ਦਾ ਕੋਈ ਹੱਕ ਨਹੀਂ ਅਤੇ ਉਹ ਕੈਨੇਡੀਆਨ
ਇੰਮੀਗਰੇਸ਼ਨ ਸੰਬਧੀ ਸਲਾਹ ਦੇਣ ਦੀ ਕੋਈ ਫੀਸ ਨਹੀਂ ਚਾਰਜ ਕਰ ਸਕਦਾ ।
ਇਸ ਬਾਰੇ ਸਰਕਾਰ ਵਲੋਂ ਕੋਈ ਵੀ ਕਿਸੇ ਤਰ੍ਹਾਂ ਦੀ ਮਨਜ਼ੂਰੀ ਨਹੀਂ ਹੈ ।
iccrc
IMMIGRATION CONSULTANTS OF CANADA REGULATORY COUNCIL
crcic
CONSEIL DE RÉGLEMENTATION DES CONSULTANTS EN IMMIGRATION DU CANADA
www.iccrc-crcic.ca

